
# ਕੈਬਨੇਟ



ਗਾਰਗੀ

Scanned by CamScanner



Scanned by CamScanner

## ਲੇਖਕ ਦੀਆਂ ਹੋਰ ਪੁਸਤਕਾਂ

| | |
|---|---|
| ਨਾਟਕ | : ਲੋਹਾ ਕੁੱਟ, ਸੈਲ ਪੱਥਰ, ਨਵਾਂ ਮੁੱਢ, ਕੇਸਰੋ, ਕਣਕ ਦੀ ਬੱਲੀ, ਸੋਹਣੀ ਮਹੀਂਵਾਲ, ਧੂਣੀ ਦੀ ਅੱਗ, ਗਗਨ ਮੈ ਥਾਲੁ, ਸੁਲਤਾਨ ਰਜ਼ੀਆ, ਸੌਂਕਣ, ਮਿਰਜ਼ਾ ਸਾਹਿਬਾਂ, ਅਭਿਸਾਰਿਕਾ, ਬਲਦੇ ਟਿੱਬੇ। |
| ਇਕਾਂਗੀ | : ਕੁਆਰੀ ਟੀਸੀ, ਪੱਤਣ ਦੀ ਬੇੜੀ, ਚਾਕੂ, ਪੈਂਤੜੇਬਾਜ਼। |
| ਨਾਵਲ | : ਕੱਕਾ ਰੇਤਾ। |
| ਕਹਾਣੀ | : ਮਿਰਚਾਂ ਵਾਲਾ ਸਾਧ, ਡੁਲ੍ਹੇ ਬੇਰ, ਕਾਲਾ ਅੰਬ। |
| ਖੋਜ | : ਰੰਗਮੰਚ, ਲੋਕ-ਨਾਟਕ, ਪੰਜਾਬ ਦੇ ਮਹਾਨ ਕਲਾਕਾਰ। |
| ਲੇਖ | : ਸ਼ਰਬਤ ਦੀਆਂ ਘੁੱਟਾਂ, ਨਿੰਮ ਦੇ ਪੱਤੇ, ਸੁਰਮੇ ਵਾਲੀ ਅੱਖ, ਕੌਡੀਆਂ ਵਾਲਾ ਸੱਪ, ਹੁਸੀਨ ਚਿਹਰੇ। |
| ਯਾਤਰਾ | : ਪਾਤਾਲ ਦੀ ਧਰਤੀ। |
| ਸ੍ਵੈ-ਜੀਵਨੀ ਨਾਵਲ | : ਨੰਗੀ ਧੁੱਪ, ਕਾਸ਼ਨੀ ਵਿਹੜਾ। |

Scanned by CamScanner

# ਲੋਹਾ ਕੁੱਟ

Balkaran
Singh

ਬਲਵੰਤ ਗਾਰਗੀ

ਨਵਯੁਗ

Scanned by CamScanner

# LOHA KUTT
by BALWANT GARGI

NAVYUG PUBLISHERS
K-24, Hauz Khas, New Delhi-110016
http://navyug.publishers.tripod.com

All rights reserved. No part of this Publication may be reproduced or transmitted in any form or by any means without prior permission in writing from both the Author and Publisher.

ISBN-978-81-86216-72-3

© ਬਲਵੰਤ ਗਾਰਗੀ

ਸੋਧਿਆ ਹੋਇਆ ਤੇ ਨਵ-ਸਿਰਜਿਆ ਰੂਪ : 1996
ਚੌਥੀ ਵਾਰ : 2011

ਕਵਰ ਡੀਜ਼ਾਈਨ : ਮਹੇਂਦਰ

ਪ੍ਰਕਾਸ਼ਕ : **ਨਵਯੁਗ ਪਬਲਿਸ਼ਰਜ਼**
K-24, ਹੌਜ਼ ਖ਼ਾਸ, ਨਵੀਂ ਦਿੱਲੀ-110 016

ਟਾਈਪਸੈਟਿੰਗ: **ਜਨਤਕ ਪ੍ਰੈੱਸ**
ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ,
ਦਿੱਲੀ-110 006

ਛਾਪਕ : **ਆਈ.ਵਾਈ.ਐਨ. ਗ੍ਰਾਫ਼ਿਕਸ**
ਦਰਿਆ ਗੰਜ, ਨਵੀਂ ਦਿੱਲੀ-110 002

ਮੁੱਲ : 75/- ਰੁਪਏ

Scanned by CamScanner

# ਨਾਟਕ ਦਾ ਪਿਛੋਕੜ

(1950 ਦੀ ਭੂਮਿਕਾ)

ਪਿੰਡ ਵਿਚੋਂ ਜਦੋਂ ਕੋਈ ਕੁੜੀ ਦੌੜਦੀ ਤਾਂ ਸਾਰੇ ਰੌਲਾ ਪੈ ਜਾਂਦਾ। ਤੀਵੀਆਂ ਕੋਠਿਆਂ ਉੱਤੇ ਚੜ੍ਹ ਕੇ ਹਾਕਾਂ ਮਾਰਦੀਆਂ। ਅਜੀਬ ਸਨਸਨੀ ਛਾ ਜਾਂਦੀ। ਅਕਸਰ ਕਿਸੇ ਕਤਲ ਜਾਂ ਕੁੜੀ ਦੇ ਦੌੜਨ ਉੱਤੇ ਇਹੋ ਜਿਹਾ ਵਾਯੂ ਮੰਡਲ ਉਸਰਦਾ।

ਮਰਾਸੀਆਂ ਦੀ ਕੁੜੀ ਬੈਣੋ ਬਹੁਤ ਸੁਹਣੀ ਸੀ। ਲੰਮੀ ਲੰਝੀ, ਛਮਕ ਵਰਗੀ। ਉਹ ਦੁਪਹਿਰੇ ਟੋਭੇ ਉਤੇ ਕਪੜੇ ਧੋਣ ਜਾਂਦੀ ਤਾਂ ਝਿਊਰਾਂ ਦੀ ਜੰਨਤ ਵੀ ਉਸ ਦੇ ਨਾਲ ਹੁੰਦੀ। ਪਿੰਡ ਦੀਆਂ ਤੀਵੀਆਂ ਉਹਨਾਂ ਉੱਤੇ ਨਜ਼ਰ ਰਖਦੀਆਂ। ਫਿਰ ਬੈਣੋ ਕਿਸੇ ਨਾਲ ਦੌੜ ਗਈ।

ਕਾਕੂ ਲੁਹਾਰ ਦੀ ਬੀਵੀ ਉੱਨੀ ਸਾਲ ਗ੍ਰਹਿਸਥੀ ਨਿਭਾ ਕੇ ਘਰੋਂ ਨਿਕਲ ਗਈ ਸੀ। ਮੈਂ ਨਿੱਕਾ ਹੁੰਦਾ ਕਾਕੂ ਲੁਹਾਰ ਦੀ ਭੱਠੀ ਤੇ ਜਾਂਦਾ ਤੇ ਉਸ ਦੀ ਬੀਵੀ ਨੂੰ ਸਾਣ ਦਾ ਪਟਾ ਖਿਚਦੇ ਦੇਖਦਾ। ਕਾਕੂ ਕੁਹਾੜੀਆਂ, ਗੰਡਾਸੇ ਤੇਜ਼ ਕਰਦਾ ਤਾਂ ਮੈਂ ਇਹਨਾਂ ਦੇ ਉਡਦੇ ਹੋਏ ਚੰਗਿਆੜੇ ਫੜਦਾ।

ਮੈਨੂੰ ਉਸ ਦੀ ਬੀਵੀ ਦੇ ਦੌੜ ਜਾਣ ਦਾ ਵਾਕਿਆ ਬਹੁਤ ਦੇਰ ਤੀਕ ਯਾਦ ਰਿਹਾ। ਬੈਣੋ ਤੇ ਕਾਕੂ ਦੀ ਬੀਵੀ, ਦੋਵੇਂ ਮੈਨੂੰ ਚੰਗੀਆਂ ਲਗਦੀਆਂ ਸਨ। ਉਹ ਮੈਨੂੰ ਹੀਰ ਤੇ ਸਾਹਿਬਾਂ ਵਰਗੀਆਂ ਹੀ ਲਗਦੀਆਂ ਸਨ ਜਿਨ੍ਹਾਂ ਦੇ ਕਿੱਸੇ ਕਵੀਸ਼ਰ ਗਾਉਂਦੇ ਹੁੰਦੇ ਸਨ।

1944 ਵਿਚ ਮੈਂ 'ਲੋਹਾ ਕੁੱਟ' ਦਾ ਪਲਾਟ ਘੜਿਆ ਤੇ ਸੋਢੀ ਜੁਗਿੰਦਰ ਸਿੰਘ (ਸੁਰਿੰਦਰ ਕੌਰ ਦੇ ਪਤੀ) ਨੂੰ ਸੁਣਾਇਆ। ਉਹ ਸਾਈਕਾਲੋਜੀ ਦੀ ਐਮ. ਏ. ਕਰ ਰਿਹਾ ਸੀ। ਉਸ ਨੂੰ ਇਸ ਪਲਾਟ ਦਾ ਮਨੋਵਿਗਿਆਨਕ ਪੱਖ ਤੇ ਮਾਂ ਧੀ ਦੀ ਈਰਖਾ ਤੇ ਪਿਆਰ ਦੇ ਵਿਰੋਧਾ-ਭਾਸੀ ਰਿਸ਼ਤੇ ਚੰਗੇ ਲਗੇ। ਮੈਂ ਨਾਟਕ ਲਿਖਣਾ ਸ਼ੁਰੂ ਕੀਤਾ।

ਇਸ ਦਾ ਇਕ ਸੀਨ ਮੈਂ ਮੁਰਾਦਾਬਾਦ ਦੇ ਪਲੇਟਫ਼ਾਰਮ ਉੱਤੇ ਗੱਡੀ ਨੂੰ ਉਡੀਕਦੇ ਰਾਤ ਨੂੰ ਲਿਖਿਆ। ਮੇਰੇ ਕੋਲ ਦੀ ਇੰਜਣ ਧੂੰਆਂ ਛਡਦਾ ਤੇ ਮੱਚੇ ਹੋਏ ਕੋਲੇ ਕੇਰਦਾ ਨਿਕਲ ਜਾਂਦਾ। ਨਾਟਕ ਵਿਚ ਭੱਠੀ ਦੇ ਕੋਲੇ ਤੇ ਧੂੰਏਂ ਦਾ ਵਾਤਾਵਰਣ ਸ਼ਾਇਦ ਉਸ ਇੰਜਣ ਦੇ ਧੂੰਏ ਤੇ ਮਘਦੇ ਕੋਲਿਆਂ ਦਾ ਨਤੀਜਾ ਸੀ।

ਅਗਸਤ 1944 ਵਿਚ ਮੈਂ ਨਾਟਕ ਖ਼ਤਮ ਕੀਤਾ। ਪ੍ਰੀਤ ਨਗਰ ਵਿਚ ਸੋਢੀ ਜੁਗਿੰਦਰ ਸਿੰਘ ਤੇ ਦੋ ਭੈਣਾਂ ਆਗਿਆ ਕੌਰ ਤੇ ਸੰਪੂਰਣ ਕੌਰ ਨੂੰ ਸੁਣਾਇਆ। ਉਹ ਦੋਵੇਂ ਮੇਰੇ ਨਾਟਕਾਂ ਵਿਚ ਅਕਸਰ ਮਾਂ ਤੇ ਧੀ ਦਾ ਪਾਰਟ ਕਰਦੀਆਂ ਸਨ। ਫ਼ੈਸਲਾ ਕੀਤਾ ਕਿ ਇਹ ਨਾਟਕ ਸਟੇਜ ਕੀਤਾ ਜਾਵੇ।

ਮੈਂ ਨਾਟਕ ਦਾ ਖਰੜਾ ਸ: ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਦਿਤਾ ਕਿ ਉਹ ਮਿਹਰਬਾਨੀ ਕਰਕੇ ਇਸਨੂੰ ਪੜ੍ਹ ਲੈਣ ਤੇ ਜੇ ਹੋ ਸਕੇ ਤਾਂ ਇਸਦਾ ਮੁਖ-ਬੰਦ ਲਿਖ ਦੇਣ।

ਖਰੜਾ ਉਹਨਾਂ ਕੋਲ ਕਈ ਹਫ਼ਤੇ ਪਿਆ ਰਿਹਾ। ਕਈ ਵਾਰ ਨਵਤੇਜ ਤੋਂ ਪਤਾ ਕੀਤਾ। ਅਖ਼ੀਰ ਉਨ੍ਹਾਂ ਨੇ ਖਰੜਾ ਵਾਪਿਸ ਕਰ ਦਿਤਾ ਇਹ ਆਖ ਕੇ ਕਿ ਇਹ ਨਾਟਕ ਸਦਾਚਾਰਕ ਤੇ ਸਾਹਿਤਕ ਪੱਖ ਤੋਂ ਠੀਕ ਨਹੀਂ।

ਉਸ ਪਿਛੋਂ ਮੈਂ ਕਦੇ ਕਿਸੇ ਨੂੰ ਮੁਖ-ਬੰਦ ਲਿਖਣ ਲਈ ਨਾ ਆਖਿਆ।

Scanned by CamScanner

ਪ੍ਰੋ: ਮੋਹਨ ਸਿੰਘ ਨੂੰ ਇਸਦਾ ਪਲਾਟ ਸੁਣਾਇਆ ਤਾਂ ਉਸ ਨੇ ਆਖਿਆ ਕਿ ਉਹ ਇਸ ਨਾਟਕ ਨੂੰ ਜ਼ਰੂਰ ਛਾਪੇਗਾ।

ਦੂਜੀ ਜੰਗ ਲਗੀ ਹੋਈ ਸੀ। ਕਾਗਜ਼ ਕਿਤੇ ਮਿਲਦਾ ਨਹੀਂ ਸੀ। ਪਰ ਮੋਹਨ ਸਿੰਘ ਨੇ ਮੋਟੇ ਕੀਮਤੀ ਕਾਗਜ਼ ਉੱਤੇ ਇਹ ਨਾਟਕ ਛਾਪਿਆ। ਬਗ਼ੈਰ ਕਿਸੇ ਭੂਮਿਕਾ ਦੇ, ਨਾਟਕ ਤੀਜੇ ਸਫ਼ੇ ਤੋਂ ਸ਼ੁਰੂ ਹੋ ਗਿਆ। ਇਸ ਦਾ ਟਾਈਟਲ ਕਵਰ ਸੋਭਾ ਸਿੰਘ ਨੇ ਬਣਾਇਆ ਸੀ — ਲੋਹੇ ਵਰਗੇ ਨਿੱਗਰ ਕਾਲੇ ਅੱਖਰਾਂ ਵਿਚ।

ਮੰਚ ਉੱਤੇ ਖੇਡਣ ਲਈ ਪ੍ਰੀਤ ਨਗਰ ਵਿਚ ਇਸ ਦੀਆਂ ਰੀਹਰਸਲਾਂ ਹੋਈਆਂ ਪਰ ਪ੍ਰੀਤਨਗਰ ਦੇ ਸੁੱਚੇ ਮੰਚ ਉੱਤੇ ਇਹ ਨਾ ਖੇਡਿਆ ਜਾ ਸਕਿਆ।

ਲਾਹੌਰ ਰੇਡੀਓ ਸਟੇਸ਼ਨ ਤੋਂ ਜਦੋਂ ਇਹ ਬ੍ਰਾਡਕਾਸਟ ਹੋਇਆ ਤਾਂ ਇਕਬਾਲ ਮੁਹੰਮਦ ਨੇ ਕਾਕੂ ਲੁਹਾਰ ਦਾ ਪਾਰਟ ਕੀਤਾ, ਓਮ ਪ੍ਰਕਾਸ਼ (ਫ਼ਿਲਮ ਐਕਟਰ) ਨੇ ਗੱਜਣ ਦਾ, ਮੋਹਿਨੀ ਦਾਸ ਨੇ ਬੇਂਤੋ ਦਾ ਤੇ ਆਗਿਆ ਅਰੋੜਾ ਨੇ ਸੰਤੀ ਦਾ। ਕਰਤਾਰ ਸਿੰਘ ਦੁੱਗਲ ਨੇ ਇਸ ਨੂੰ ਪ੍ਰੋਡਿਊਸ ਕੀਤਾ।

ਲਾਹੌਰ ਰੇਡੀਓ ਸਟੇਸ਼ਨ ਉਸ ਵੇਲੇ ਸਾਹਿਤਕ ਨਾਟਕਾਂ ਦਾ ਕੇਂਦਰ ਸੀ। ਇਮਤਿਆਜ਼ ਅਲੀ ਤਾਜ, ਰਫ਼ੀ ਪੀਰ, ਰਾਜਿੰਦਰ ਸਿੰਘ ਬੇਦੀ ਤੇ ਬਹੁਤ ਸਾਰੇ ਉੱਘੇ ਲੇਖਕ ਤੇ ਕਵੀ ਰੇਡੀਓ ਸਟੇਸ਼ਨ ਨਾਲ ਜੁੜੇ ਹੋਏ ਸਨ। 'ਲੋਹਾ ਕੁੱਟ' ਦੀ ਸਾਹਿਤਕ ਵਿਸ਼ੇਸ਼ਤਾ, ਜ਼ਬਾਨ ਤੇ ਇਸ ਦੇ ਵਿਸ਼ੇ ਦਾ ਚਰਚਾ ਹੋਇਆ। ਕਈ ਚਿੱਠੀਆਂ ਨਾਟਕ ਦੇ ਹਕ ਵਿਚ ਆਈਆਂ। ਪਰ ਕਸੂਰ ਸ਼ਹਿਰ ਦੇ ਲੁਹਾਰਾਂ ਦਾ ਇਕ ਡੈਲੀਗੇਸ਼ਨ ਇਸ ਦੇ ਖ਼ਿਲਾਫ਼ ਆਇਆ ਕਿ ਲੁਹਾਰਾਂ ਦੇ ਕਿੱਤੇ ਨੂੰ ਬਦਨਾਮ ਕੀਤਾ ਗਿਆ ਹੈ। ਕੀ ਲੁਹਾਰਾਂ ਦੀਆਂ ਤੀਵੀਆਂ ਏਦਾਂ ਦੀਆਂ ਹੁੰਦੀਆਂ ਨੇ ?

ਮੈਂ ਆਪਣੀ ਸਫ਼ਾਈ ਪੇਸ਼ ਕੀਤੀ ਕਿ ਕਾਕੂ ਲੁਹਾਰ ਤਾਂ ਮੇਰੇ ਨਾਟਕ ਦਾ ਇਕ ਪਾਤਰ ਹੈ, ਲੁਹਾਰਾਂ ਦੀ ਸ਼੍ਰੇਣੀ ਉੱਤੇ ਕੋਈ ਫ਼ਤਵਾ ਨਹੀਂ ਲਾ ਰਿਹਾ। ਸਾਹਿਤ ਨੂੰ ਸ਼੍ਰੇਣੀ ਵੰਡ ਅਨੁਸਾਰ ਪਰਖਿਆ ਜਾਵੇ ਤਾਂ ਸ਼ਾਇਦ ਕੁਝ ਵੀ ਨਾ ਲਿਖਿਆ ਜਾਵੇ। ਜੇ ਮੇਰਾ ਪਾਤਰ ਕੋਈ ਟੀਚਰ ਹੁੰਦਾ ਜਿਸ ਦੀ ਬੀਵੀ ਉਸ ਨੂੰ ਛਡ ਕੇ ਚਲੀ ਗਈ ਹੁੰਦੀ ਤਾਂ ਪੰਜਾਬ ਦੇ ਟੀਚਰਾਂ ਦੀ ਯੂਨੀਅਨ ਮੈਨੂੰ ਨੋਟਿਸ ਦੇ ਦੇਂਦੀ। ਜੇ ਮੇਰਾ ਪਾਤਰ ਕੋਈ ਵਪਾਰੀ ਲਾਲਾ ਹੁੰਦਾ ਤਾਂ ਪੰਜਾਬ ਵਪਾਰ-ਮੰਡਲ ਮੈਨੂੰ ਕਚਹਿਰੀ ਵਿਚ ਲੈ ਜਾਂਦਾ। ਜੇ ਮੇਰਾ ਪਾਤਰ ਵਕੀਲ ਹੁੰਦਾ ਤਾਂ ਵਕੀਲ-ਮੰਡਲ ਮੇਰੇ ਉੱਤੇ ਦਾਅਵਾ ਠੋਕ ਦੇਂਦਾ।

ਗੱਲ ਮੁਕ ਗਈ। 'ਲੋਹਾ ਕੁੱਟ' ਨੂੰ ਪਹਿਲਾਂ ਨਾਲੋਂ ਵਧੇਰੇ ਮਾਨਤਾ ਮਿਲੀ।

ਇਕ ਸ਼ਾਮ ਪ੍ਰੋ: ਤੇਜਾ ਸਿੰਘ ਐਮਪ੍ਰੱਸ ਰੋਡ ਉੱਤੇ ਮੇਰੀ ਨਿੱਕੀ ਜਿਹੀ ਕੋਠੀ ਮੈਨੂੰ ਮਿਲਣ ਆਏ। ਉਹਨਾਂ ਦੇ ਹੱਥ ਵਿਚ ਖੂੰਡੀ ਸੀ। ਇਸ ਤੋਂ ਪਹਿਲਾਂ ਮੈਂ ਉਹਨਾਂ ਨੂੰ ਨਹੀਂ ਸੀ ਮਿਲਿਆ।

ਉਹ ਆਖਣ ਲਗੇ, "ਮੈਂ ਅੰਮ੍ਰਿਤਸਰ ਤੋਂ ਆਇਆ ਹਾਂ ਇਥੇ ਰੇਡੀਓ ਸਟੇਸ਼ਨ ਉੱਤੇ ਨਵੀਆਂ ਕਿਤਾਬਾਂ ਬਾਰੇ ਬੋਲਣ। ਤੇਰੇ 'ਲੋਹਾ ਕੁੱਟ' ਬਾਰੇ ਬੋਲ ਰਿਹਾ ਹਾਂ। ਇਹ 'ਲੋਹਾ ਕੁੱਟ' ਬਸ ਲੋਹੇ ਨੂੰ ਹੀ ਕੁੱਟਣ ਜਾਣਦਾ ਹੈ, ਤੀਵੀਂ ਦੇ ਮਨ ਨੂੰ ਨਹੀਂ। ਉਹ ਲੁਹਾਰ ਨਹੀਂ, 'ਲੋਹਾ ਕੁੱਟ' ਹੈ। ਸਾਡੇ ਬਹੁਤੇ ਪ੍ਰੋਫੈਸਰ ਵੀ ਲੋਹਾ ਕੁੱਟ ਹੀ ਹਨ ?" ਇਹ ਆਖ ਕੇ ਉਹ ਚਲੇ ਗਏ।

Scanned by CamScanner

ਤੇਜਾ ਸਿੰਘ ਨੇ ਮੇਰੇ ਨਾਟਕ ਨੂੰ ਇਕ ਉਕਤੀ ਬਣਾ ਕੇ ਥਾਂ ਥਾਂ ਵਰਤਿਆ ਤੇ ਇਸ ਦੇ ਵਿਸ਼ੇ ਨੂੰ ਉਜਾਗਰ ਕੀਤਾ।

ਕਈ ਔਰਤਾਂ ਨੇ ਸੁਆਲ ਉਠਾਇਆ ਕਿ ਪੰਜਾਬ ਦੀ ਔਰਤ ਇਸ ਤਰ੍ਹਾਂ ਦੀ ਨਹੀਂ ਹੋ ਸਕਦੀ ਜੋ ਉੱਨੀ ਸਾਲ ਵਿਆਹ ਪਿਛੋਂ ਪਤੀ ਤੇ ਪੁੱਤ ਨੂੰ ਛੱਡ ਕੇ ਆਪਣੇ ਪ੍ਰੇਮੀ ਨਾਲ ਚਲੀ ਜਾਵੇ।

ਪਰ ਅਖ਼ਬਾਰਾਂ ਵਿਚ ਬੇਸ਼ੁਮਾਰ ਇਹੋ ਜਿਹੀਆਂ ਘਟਨਾਵਾਂ ਛਪੀਆਂ ਜਿਨ੍ਹਾਂ ਵਿਚ ਤੀਵੀਆਂ ਜਜ਼ਬੇ ਦੀ ਅੱਗ ਖ਼ਾਤਰ ਘਰ ਨੂੰ ਛੱਡ ਕੇ ਆਪਣੇ ਪ੍ਰੇਮੀਆਂ ਨਾਲ ਚਲੀਆਂ ਗਈਆਂ। ਇਹੋ ਜਿਹੀਆਂ ਤੀਵੀਆਂ ਲਈ ਮੇਰੇ ਦਿਲ ਵਿਚ ਆਦਰ ਹੈ ਜੋ ਪਾਖੰਡ ਤੇ ਝੂਠੀ ਪਰੰਪਰਾ ਦੇ ਖ਼ਿਲਾਫ਼ ਲੜ ਕੇ ਆਪਣੇ ਦਿਲ ਦਾ ਸਦਾ ਸੱਚ ਪੁਗਾਉਂਦੀਆਂ ਹਨ। ਸੰਤੀ ਤੇ ਬੈਣੋ ਇਸੇ ਬਰਾਦਰੀ ਦੀਆਂ ਨਾਇਕਾਵਾਂ ਹਨ।

Scanned by CamScanner

# ਦੋ ਸ਼ਬਦ

(ਜੂਨ 1991)

'ਲੋਹਾ ਕੁੱਟ' ਨੂੰ ਹੁਣ ਤੀਕ ਬਹੁਤਾ ਕਰਕੇ ਸਾਹਿਤਕ ਪੱਖੋਂ ਹੀ ਪਰਖਿਆ ਜਾਂਦਾ ਰਿਹਾ ਹੈ। ਇਸ ਦੇ ਵਿਸ਼ੇ ਬਾਰੇ ਚਰਚਾ ਹੋਈ, ਇਸ ਦੇ ਪਾਤਰਾਂ ਤੇ ਇਸ ਦੀ ਸੰਰਚਨਾ ਬਾਰੇ ਬਹਿਸਾਂ ਹੋਈਆਂ, ਇਸ ਦੇ ਵਾਰਤਾਲਾਪ ਤੇ ਬਿੰਬਾਂ ਦੀ ਸਲਾਘਾ ਹੋਈ। ਪਰ ਇਸ ਦੇ ਪ੍ਰਸਤੁਤੀਕਰਣ ਬਾਰੇ ਕੋਈ ਘੋਖਵੀਂ ਗੱਲ ਘੱਟ ਹੀ ਤੁਰੀ।

ਮੈਨੂੰ ਇਸ ਨਾਟਕ ਵਿਚ ਮੰਚ-ਪ੍ਰਦਰਸ਼ਨ ਦੀ ਦ੍ਰਿਸ਼ਟੀ ਤੋਂ ਕੁਝ ਘਾਟਾਂ ਨਜ਼ਰ ਆਈਆਂ। ਭਾਵੇਂ ਇਸ ਨੂੰ ਲਿਟਲ ਥੀਏਟਰ ਗਰੁੱਪ, ਨਿਊ ਦਿੱਲੀ, ਨੇ 1950 ਵਿਚ ਏਵਲ ਥੀਏਟਰ ਵਿਚ ਖੇਡਿਆ, ਹਰਪਾਲ ਟਿਵਾਣਾ ਤੇ ਨੀਨਾ ਟਿਵਾਣਾ ਨੇ ਇਸ ਨੂੰ ਕਈ ਵਾਰ ਸਟੇਜ ਕੀਤਾ, ਪਰ ਮੈਨੂੰ ਇਸ ਦੀਆਂ ਘਾਟਾਂ ਰੜਕਦੀਆਂ ਰਹੀਆਂ।

ਇਸ ਦੀ ਨਾਇਕਾ ਸੰਤੀ ਆਪਣੇ ਮਨ ਵਿਚ ਦੱਬੇ ਜਜ਼ਬੇ ਨੂੰ ਭੁਲਾ ਕੇ ਕਾਕੂ ਲੁਹਾਰ ਨਾਲ ਰਹਿ ਰਹੀ ਹੈ। ਉਸ ਦੀ ਜੁਆਨ ਧੀ ਬੇਣੋ ਘਰ ਦੇ ਲੋਹੇ ਵਰਗੇ ਕਰੜੇ ਮਾਹੌਲ ਦੇ ਖ਼ਿਲਾਫ਼ ਬਗ਼ਾਵਤ ਕਰਦੀ ਹੈ, ਪਿਉ ਨੂੰ ਵੰਗਾਰਦੀ ਹੈ, ਅਤੇ ਸਰਬਣ ਨਾਲ ਦੌੜ ਜਾਂਦੀ ਹੈ। ਮਾਂ ਆਪਣੀ ਧੀ ਦੇ ਇਸ ਸਮਾਜਕ ਪਾਪ ਦੇ ਖ਼ਿਲਾਫ਼ ਚੰਡੀ ਵਾਂਗ ਗਰਜਦੀ ਹੈ। ਪਰ ਇਸ ਪਿਛੋਂ ਉਹ ਖ਼ੁਦ ਹੌਲੀ ਹੌਲੀ ਆਪਣੀ ਜ਼ਿੰਦਗੀ ਬਾਰੇ ਸੋਚਣ ਲਗਦੀ ਹੈ। ਉਸ ਨੂੰ ਆਪਣੀ ਧੀ ਯਾਦ ਆਉਂਦੀ ਹੈ, ਜੋ ਉਸ ਦੇ ਢਿੱਡ ਵਿਚ ਛਮਕਾਂ ਮਾਰਦੀ ਹੈ। ਉਸਨੂੰ ਲਗਦਾ ਹੈ ਕਿ ਬੇਣੋ ਠੀਕ ਸੀ, ਕਿਉਂ ਕਿ ਉਸ ਨੇ ਜਜ਼ਬੇ ਦਾ ਸੱਚ ਪੁਗਾਇਆ। ਬੇਣੋ ਉਸ ਦੀ ਆਪਣੀ ਜੁਆਨੀ ਦਾ ਹੀ ਰੂਪ ਸੀ, ਉਸ ਦੀ ਢਿੱਡ ਦੀ ਜਾਈ, ਉਸ ਦੀ ਮਹਿਰਮ, ਉਸ ਦੀ ਕੁੱਖ ਦੀ ਆਵਾਜ਼।

ਸੰਤੀ ਦੇ ਮਨ ਅੰਦਰ ਦੱਬੇ ਅੰਗਿਆਰ ਮਘਣ ਲਗਦੇ ਹਨ। ਉਸ ਨੂੰ ਸਮਾਜੀ ਦਿਖਾਵਾ ਤੇ ਪ੍ਰਵਾਰਕ ਰਸਮੀ ਬੰਧਨ ਝੂਠੇ ਜਾਪਦੇ ਹਨ। ਹੌਲੀ ਹੌਲੀ ਉਹ ਬੇਣੋ ਦਾ ਰੂਪ ਬਣ ਜਾਂਦੀ ਹੈ। ਉਹ ਕਾਕੂ ਦੇ ਕਰੜੇ ਸੁਭਾਅ ਅਤੇ ਜ਼ੁਲਮ ਦੇ ਖ਼ਿਲਾਫ਼ ਖੜ੍ਹੀ ਹੋ ਜਾਂਦੀ ਹੈ ਤੇ ਗੱਜਣ ਨਾਲ ਨਿਕਲ ਜਾਂਦੀ ਹੈ।

ਮੈਂ ਨਾਟਕ ਦੇ ਵਿਸ਼ੇ ਬਾਰੇ ਪਹਿਲਾਂ ਵੀ ਲਿਖ ਚੁੱਕਾ ਹਾਂ, ਮੈਨੂੰ ਜਜ਼ਬੇ ਦੇ ਜ਼ੁਲਮ ਨਾਲ ਦਿਲਚਸਪੀ ਹੈ। ਜੋ ਕੁਝ 'ਲੋਹਾ ਕੁੱਟ' ਵਿਚ ਵਾਪਰਦਾ ਹੈ ਉਹ ਆਮ ਲੋਹਾਰੇ ਟੱਬਰ ਦਾ ਨਹੀਂ, ਸਗੋਂ ਸਮਾਜ ਦੇ ਉਲਾਰ ਰਿਸ਼ਤਿਆਂ ਤੇ ਭਾਵਾਤਮਕ ਦਮਨ ਦਾ ਪਰਤੀਕ ਹੈ। ਇਹ ਮਾਨਸਿਕ ਅੱਡੋਪਾਟੀ ਤੇ ਜਜ਼ਬੇ ਦੀ ਸੱਚਾਈ ਨੂੰ ਪਰਗਟ ਕਰਦਾ ਹੈ।

ਨਾਟਕ ਵਿਚ ਮੈਂ ਵਿਰਸੇ ਦੀ ਤੁਰੀ ਆਉਂਦੀ ਭਾਵਨਾ ਨੂੰ ਉਲਟਾ ਕੇ ਪੇਸ਼ ਕੀਤਾ ਹੈ। ਸੁਭਾਵਕ ਤੌਰ ਉਤੇ ਧੀ ਆਪਣੀ ਮਾਂ ਦਾ ਪ੍ਰਤੀਕਰਮ ਹੈ। ਨਵੀਂ ਪੀੜ੍ਹੀ ਵਿਚ ਬਗ਼ਾਵਤ ਹੈ, ਪੁਰਾਣੀ ਪੀੜ੍ਹੀ ਦੇ ਖ਼ਿਲਾਫ਼। ਨਵੀਂ ਚੇਤਨਤਾ ਪੁਰਾਣੀ ਚੇਤਨਤਾ ਦੀ ਕੁੰਜ ਲਾਹ ਕੇ ਅਗੇ ਤੁਰਦੀ ਹੈ। ਪਰ ਮੈਂ ਨਾਟਕ ਵਿਚ ਮਾਨਸਿਕ ਬਗ਼ਾਵਤ ਦੀ ਚਿਣਗ ਮਾਂ ਤੋਂ ਧੀ ਵਲ ਨਹੀ ਸੁੱਟੀ, ਸਗੋਂ ਧੀ ਤੋਂ ਮਾਂ ਵਲ ਸੁੱਟੀ ਹੈ। ਪੀੜ੍ਹੀ-ਦਰ-ਪੀੜ੍ਹੀ ਤੁਰੇ ਆਉਂਦੇ ਸੰਸਕਾਰਾਂ ਦੀ ਗਤੀ ਨੂੰ ਪੁੱਠਾ ਮੋੜਿਆ ਹੈ।

Scanned by CamScanner

ਨਾਟਕ ਦੀ ਨਾਇਕਾ ਸੰਤੀ ਉੱਤੇ ਕਈ ਲੋਕਾਂ ਨੇ ਇਤਰਾਜ਼ ਕੀਤਾ ਕਿ ਭਾਰਤੀ ਸੰਸਕ੍ਰਿਤੀ ਵਿਚ ਡੁੱਬੀ ਨਾਰੀ ਇਸ ਤਰ੍ਹਾਂ ਦੀ ਨਿਸੰਗ ਬਗਾਵਤ ਨਹੀਂ ਕਰ ਸਕਦੀ। ਪਰ ਪਿੰਡਾਂ ਵਿਚ ਜ਼ੁਲਮ, ਕਤਲ, ਉਧਾਲੇ, ਰੜਕਾਂ ਤੇ ਕਾਮ-ਵਸ ਬਗਾਵਤਾਂ ਆਮ ਹੁੰਦੀਆਂ ਹਨ। ਪਿੰਡ ਦੇ ਜੀਵਨ ਨੂੰ ਰੁਮਾਂਚਿਕ ਪਾਹ ਦੇ ਕੇ ਦੇਖਣ ਦੀ ਲੋੜ ਨਹੀਂ, ਨਾ ਹੀ ਇਸ ਨੂੰ ਸਿਰਫ਼ ਜ਼ਮੀਨ ਦੇ ਝਗੜਿਆਂ ਦਾ ਖੇਤਰ ਸਮਝਣਾ ਚਾਹੀਦਾ ਹੈ। ਇਸ ਦੇ ਉਪਰਲੇ ਸਾਤ ਵਿਹਾਰ ਤੇ ਘਰਾਂ ਦੇ ਸਰਲ ਜੀਵਨ ਹੇਠ ਭਾਵਨਾਵਾਂ ਦੀ ਅੱਗ ਮਘਦੀ ਹੈ।

'ਲੋਹਾ ਕੁੱਟ' ਜੀਵਨ ਦੀ ਕਰੜੀ, ਨਿਰਦਈ ਨਿਭਾਪ੍ਰਤੀ ਦੇ ਜ਼ੁਲਮ ਦਾ ਚਿੰਨ੍ਹ ਹੈ। ਲੋਹਾਰ ਦੀ ਭੱਠੀ ਪਾਤਰਾਂ ਦੇ ਮਾਨਸਿਕ ਕਰਮ ਅਨੁਸਾਰ ਧੁਖਦੀ, ਬਲਦੀ ਤੇ ਮੱਚਦੀ ਹੈ। ਇਹ ਇਸੇ ਚਿੰਨ੍ਹਾਤਮਕ ਪ੍ਰਗਟਾਵੇ ਦੀ ਮੰਗ ਕਰਦੀ ਹੈ। ਹਥੌੜੇ ਦੀ ਸੱਟ ਇਸ ਦੇ ਨਾਇਕ ਦੇ ਕਰੜੇ ਸੁਭਾ ਵਿਚ ਹੈ। ਪਾਤਰਾਂ ਦੇ ਕਰਮ ਤੇ ਵਾਰਤਾਲਾਪ ਵਿਚ ਕਠੋਰਤਾ ਹੈ ਭਾਵੁਕਤਾ ਨਹੀਂ। ਕਿਤੇ ਕਿਤੇ ਵਾਰਤਾਲਾਪ ਵਿਚ ਕਾਵਿਮਈ ਬੋਲੀ ਭਖਦੀ ਹੈ ਜੋ ਪਾਤਰਾਂ ਦੇ ਅੰਤਰੀਵ ਮਾਨਸਿਕ ਸੰਘਰਸ਼ ਉਜਾਗਰ ਕਰਨ ਲਈ ਵਰਤੀ ਗਈ ਹੈ।

ਸਾਰਾ ਨਾਟਕ ਇਕੋ ਥਾਂ ਵਾਪਰਦਾ ਹੈ। ਲੁਹਾਰ ਦੀ ਅਹਿਰਨ ਤੇ ਚੀਜ਼ਾਂ ਵਸਤਾਂ ਇਉਂ ਪਰਤੀਤ ਹੋਣ ਜਿਵੇਂ ਇਹਨਾਂ ਨੂੰ ਬੇਰਹਿਮੀ ਨਾਲ ਵਰਤਿਆ ਗਿਆ ਹੈ।

ਨਾਟਕ ਦੇ ਦ੍ਰਿਸ਼ਾਂ ਵਿਚ ਲੜੀ-ਬਧ ਗਤੀ ਪੈਦਾ ਕੀਤੀ ਹੈ। ਹਰ ਸੀਨ ਕਿਸੇ ਸਿਖ਼ਰ ਤੇ ਮੁਕਦਾ ਹੈ ਜਾਂ ਜਜ਼ਬੇ ਦੀ ਅਜਿਹੀ ਟੱਕਰ ਉੱਤੇ ਕਿ ਦ੍ਰਿਸ਼ਟੀਮੂਲਕ ਜਾਂ ਮੂਕ ਕਾਰਜ ਸਾਡੀ ਚੇਤਨਾ ਵਿਚ ਝੁਣਝੁਣੀ ਛੇੜ ਦੇਵੇ।

ਨਾਟਕ ਦੇ ਇਸ ਸੋਧੇ ਹੋਏ ਰੂਪ ਵਿਚ ਸਿਰਫ਼ ਮੰਚ-ਤਕਨੀਕ ਤੇ ਕਲਾਤਮਕ ਚਮਕ ਹੀ ਨਹੀਂ ਆਈ ਸਗੋਂ ਸਾਹਿਤਕ ਗੁਣ ਵੀ ਨਿਖਰ ਕੇ ਆਏ ਹਨ।

ਨਾਟਕ ਵਿਚ ਵਾਤਾਵਰਣ ਦੀਆਂ ਆਵਾਜ਼ਾਂ ਦਾ ਪ੍ਰਯੋਗ ਇਸ ਤਰ੍ਹਾਂ ਹੈ ਕਿ ਉਹ ਜਜ਼ਬਿਆਂ ਨੂੰ ਹੋਰ ਮਘਾਉਣ ਦਾ ਕਾਰਜ ਨਿਭਾਉਣ। ਪਹਿਲੇ ਐਕਟ ਵਿਚ ਠਾਣੇਦਾਰ ਦੀ ਘੋੜੀ ਨੂੰ ਗਲੀ ਵਿਚ ਨਾਲ੍ਹ ਠੋਕੇ ਜਾਂਦੇ ਹਨ ਤਾਂ ਕਈ ਆਦਮੀਆਂ ਨੇ ਘੋੜੀ ਨੂੰ ਰੱਸਿਆਂ ਨਾਲ ਫੜਿਆ ਹੋਇਆ ਹੈ। ਨਾਲ੍ਹ ਠੋਕਣ ਦੀ ਆਵਾਜ਼, ਘੋੜੀ ਦੇ ਹਿਣਕਣ ਤੇ ਲੋਕਾਂ ਦੀਆਂ ਉੱਚੀਆਂ ਆਵਾਜ਼ਾਂ 'ਕੱਸ ਕੇ ਫੜੋ, ਜ਼ੋਰ ਦੀ ਫੜ ਕੇ ਰਖੋ, ਰੱਸਾ ਨਾ ਛੁਡਾ ਲਵੇ, ਫੜ ਕੇ ਰੱਖੋ!' ਬੰਤੋ ਦੀ ਮਾਨਸਿਕ ਦਸ਼ਾ ਤੇ ਖ਼ੌਫ਼ ਦਾ ਭੌਤਿਕੀਕਰਣ ਕਰਦੀਆਂ ਹਨ। ਜਦੋਂ ਦੂਜੇ ਐਕਟ ਦੇ ਅੰਤ ਵਿਚ ਬੰਤੋ ਨਿਕਲ ਜਾਂਦੀ ਹੈ ਤਾਂ ਗਲੀ ਦੀਆਂ ਤੀਵੀਆਂ ਉਸ ਨੂੰ ਉੱਚੀ ਉੱਚੀ ਤ੍ਰਿਸਕਾਰਦੀਆਂ ਹਨ ਤੇ ਮਾਂ ਬੂਹੇ 'ਤੇ ਖੜ੍ਹ ਕੇ ਚੰਘਿਆੜਦੀ ਹੋਈ ਹਾਕ੍ਹਾਂ ਕਢਦੀ ਹੈ ਤਾਂ ਇਹ ਵੇਹੜੇ ਦੇ ਸਮੁੱਚੇ ਜ਼ੁਲਮ ਦਾ ਚਿੰਨ੍ਹ ਬਣ ਜਾਂਦੇ ਹਨ। ਅੰਤ ਵਿਚ ਗਲੀ ਵਿਚਲਾ ਸ਼ੋਰ, ਤੀਵੀਆਂ ਦੀਆਂ ਹਾਕਾਂ ਤੇ ਚੀਖ਼ਾਂ ਦਾ ਰੌਲਾ ਸੰਤੀ ਦੇ ਦੌੜ ਜਾਣ ਨੂੰ ਮੂਰਤੀਮਾਨ ਕਰਦਾ ਹੈ।

ਵੇਹੜੇ ਤੇ ਗਲੀ ਤੇ ਵਾੜੇ ਦੀਆਂ ਹਾਕਾਂ, ਵੈਣ ਤੇ ਝਗੜੇ ਪਿੰਡ ਦੇ ਪਿਛੋਕੜ ਨੂੰ ਗੰਡਾਸੇ ਦੀ ਧਾਰ ਵਾਂਗ ਤਿਖੇਰਾ ਕਰਦੇ ਹਨ।

ਇਹ ਆਵਾਜ਼ਾਂ, ਰੌਲਾ ਤੇ ਹਾਕਾਂ ਪ੍ਰਕਿਰਤੀਵਾਦੀ ਨਹੀਂ ਹਨ ਸਗੋਂ ਇਹਨਾਂ ਨੂੰ ਨਾਟਕੀ ਢੰਗ ਨਾਲ ਸੂਤ ਕੇ ਵਿਉਂਤਬੱਧ ਕੀਤਾ ਗਿਆ ਹੈ। ਇਹ ਆਵਾਜ਼ਾਂ ਤੇ ਚੀਖ਼ਾਂ ਸਮੂਹਕ

Scanned by CamScanner

ਵਾਂਗ ਗਤੀਬੱਧ ਹਨ। ਨਾਟਕ ਖੇਡਣ ਲਗੇ ਇਹਨਾਂ ਦਾ ਪ੍ਰਯੋਗ ਤਿੱਖੇ ਨਿਅੰਤਰਣ ਨਾਲ ਕੀਤਾ ਜਾਣਾ ਚਾਹੀਦਾ ਹੈ।

ਰੰਗਾਂ ਦਾ ਪ੍ਰਯੋਗ ਵੀ ਕਿਤੇ ਕਿਤੇ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਉਹ ਨਾਟਕ ਦੇ ਵਾਤਾਵਰਣ ਦਾ ਹਿੱਸਾ ਹੁੰਦਿਆਂ ਹੋਇਆਂ ਜਜ਼ਬੇ ਨੂੰ ਉਭਾਰਦੇ ਹਨ। ਬੈਣੋ ਪਹਿਲੇ ਐਕਟ ਦੇ ਸ਼ੁਰੂ ਵਿਚ ਹਰੀ ਚੁੰਨੀ ਲੈ ਕੇ ਧਾਰ ਕੱਢਣ ਜਾਂਦੀ ਹੈ। ਉਸ ਦੀ ਮਾਂ ਵੀ ਤੀਜੇ ਐਕਟ ਦੇ ਅੰਤ ਵਿਚ ਹਰੀ ਚੁੰਨੀ ਕਿੱਲੀ ਤੋਂ ਲਾਹ ਕੇ ਸਿਰ ਉੱਤੇ ਲੈਂਦੀ ਹੈ ਤੇ ਦੋਹਣਾ ਚੁਕ ਕੇ ਧਾਰ ਕੱਢਣ ਜਾਂਦੀ ਹੈ। ਨਾਟਕ ਵਿਚਲੇ ਬਿੰਬ-ਭੱਠੀ, ਕੁੱਕੜ , ਛੈਣੀ, ਹਥੌੜਾ, ਦੁੱਧ ਆਦਿ — ਵਾਤਾਵਰਣ ਦਾ ਜ਼ਰੂਰੀ ਹਿੱਸਾ ਹਨ। ਇਹ ਖ਼ੁਦ-ਬ-ਖ਼ੁਦ ਕਾਰਜ ਤੇ ਜਜ਼ਬੇ ਨੂੰ ਚੰਡਦੇ ਤੇ ਪ੍ਰਜਵਲਿਤ ਕਰਦੇ ਹਨ।

27 ਕਸਤੂਰਬਾ ਗਾਂਧੀ ਮਾਰਗ
ਨਵੀਂ ਦਿੱਲੀ-110001
ਜੂਨ 1991

ਬਲਵੰਤ ਗਾਰਗੀ

Scanned by CamScanner

# ਸੱਜਰਾ ਰੂਪ

ਅੱਜ ਲੋਹਾ-ਕੁਟ ਦੇ ਪਿਛਲੇ ਤਿੰਨੇ ਰੂਪ ਮੇਰੇ ਸਾਮ੍ਹਣੇ ਪਏ ਹਨ। ਪੰਜਾਹ ਸਾਲ ਪਿਛੋਂ ਹੁਣ ਮੈਂ ਚੌਥੀ ਵਾਰ ਇਸ ਨੂੰ ਘੋਖ ਕੇ ਪੇਸ਼ ਕਰ ਰਿਹਾ ਹਾਂ।

ਨਾਟਕ, ਇਸਦੇ ਮਾਹੌਲ ਤੇ ਪਾਤਰਾਂ ਦੀ ਗੱਲ-ਬਾਤ ਵਿਚ ਉਸੇ ਸਮੇਂ ਦਾ ਰੰਗ ਸੀ। ਕਾਕੂ ਤੇ ਉਸਦੇ ਦੋਸਤ ਵਿਹੜੇ ਵਿਚ ਰੋਟੀ ਖਾਂਦੇ ਤੇ ਸ਼ਰਾਬ ਪੀਂਦੇ ਹੋਏ ਹਿਟਲਰ ਦੀਆਂ ਫ਼ੌਜਾਂ ਦੀ ਤਾਰੀਫ਼ ਕਰਦੇ ਹਨ। ਤੇ ਅੰਗਰੇਜ਼ਾਂ ਨੂੰ ਭੰਡਦੇ ਹਨ।

ਇਹਨਾਂ ਪਾਤਰਾਂ ਦੀਆਂ ਗੱਲਾਂ ਉਸ ਸਮੇਂ ਦੇ ਹਾਲਾਤ ਉਪਰ ਟਿੱਪਣੀ ਹਨ। ਉਹ ਇਕ ਪਰਕਾਰ ਦਾ 'ਕੋਰਸ' ਹਨ (ਸਮੂਹ-ਗਾਣ) ਯਾਨੀ ਵਿਵੇਕ ਜੋ ਸਮਕਾਲੀਨ ਵਾਯੂਮੰਡਲ ਦੀ ਹੋਣੀ ਨੂੰ ਦਰਸ਼ਕਾਂ ਨਾਲ ਸਾਂਝਾ ਕਰਦਾ ਹੈ। ਮੈਂ ਇਹਨਾਂ ਦੋਸਤਾਂ ਦੀ ਗੱਲ-ਬਾਤ ਅਤੇ ਨਾਟਕ ਦੇ ਕਾਰਜ ਦਾ ਕਾਲ 1980 ਤੇ ਫਿਰ 1991 ਦੇ ਐਡੀਸ਼ਨਾਂ ਵਿਚ ਬਦਲ ਦਿਤਾ ਸੀ।

ਇਸ ਨਾਟਕ ਦੀਆਂ ਬਾਕੀ ਘਟਨਾਵਾਂ ਤੇ ਜਜ਼ਬਾਤੀ ਚਿੱਤਰਾਂ ਦਾ ਤਾਲ-ਮੇਲ ਟੁੱਟ ਗਿਆ। ਨਾਟਕ ਦੇ ਮਨੋਵਿਗਿਆਨਕ ਯਥਾਰਥਵਾਦ ਵਿਚ ਝਟਕੇ ਲਗਦੇ ਸਨ। ਕਈ ਪਾਤਰਾਂ ਦਾ ਚਿਤਰਣ ਅਧੂਰਾ ਸੀ। ਬਣਸੋ, ਕਾਕੂ ਦੀ ਰਖੇਲ, ਅਧੂਰੀ ਸੀ। ਈਰਖਾ ਤੇ ਅਤ੍ਰਿਪਤੀ ਦਾ ਸੰਤਾਪ ਜੋ ਸੰਤੀ ਦੇ ਸੀਨੇ ਵਿਚ ਮੰਦਾ ਹੈ, ਉਸਦੇ ਪਰਗਟਾਵੇ ਤੋਂ ਵੀ ਮੈਂ ਸੰਤੁਸ਼ਟ ਨਹੀਂ ਸਾਂ।

ਹੁਣ ਨਾਟਕ ਦੇ ਸੱਜਰੇ ਰੂਪ ਵਿਚ ਸੰਤੀ ਦੇ ਮਨ ਦੀਆਂ ਦੂਹਰੀਆਂ ਤੀਹਰੀਆਂ ਪਰਤਾਂ ਨਜ਼ਰ ਆਉਂਦੀਆਂ ਹਨ। ਮੈਂ ਵਾਰਤਕ ਬਿਰਤਾਂਤ ਵਿਚ ਮੰਚੀ ਸੰਭਾਵਨਾਵਾਂ ਭਰ ਕੇ ਮਾਨਸਿਕ ਤੜਪਾਂ ਨੂੰ ਦ੍ਰਿਸ਼ਮਈ ਰੂਪ ਦਿਤਾ ਹੈ। ਮਿਸਾਲ ਦੇ ਤੌਰ ਤੇ ਦੂਜੇ ਐਕਟ ਦੇ ਅੰਤ ਵਿਚ ਬੈਣੋਂ ਦੌੜ ਜਾਂਦੀ ਹੈ, ਕਾਕੂ ਗੰਡਾਸਾ ਲੈ ਕੇ ਉਸ ਦੇ ਮਗਰ ਜਾਂਦਾ ਹੈ, ਗਲੀ ਵਿਚ ਰੌਲਾ ਪੈ ਜਾਂਦਾ ਹੈ ਤੇ ਸੰਤੀ ਚੀਖ਼ ਕੇ ਆਖਦੀ ਹੈ,

"ਵਾਲਾਂ ਤੋਂ ਧੂਹ ਕੇ ਲਿਆਈਂ ਇਸ ਬਦਜ਼ਾਤ ਨੂੰ! ਕੋਠੇ ਅੰਦਰ ਸੁੱਟ ਕੇ ਡੱਕਰੇ ਕਰ ਦੇਹ ਇਸ ਪਾਪਣ ਦੇ!" ਇਕ ਗੁਆਂਢਣ ਗਰਜਦੀ ਹੈ, "ਇਹੋ ਜਿਹੀ ਧੀ ਨੂੰ ਧਰਤੀ 'ਚ ਗੱਡ ਦਿਉ!"

ਮੈਂ ਇਸਨੂੰ ਅੱਗੇ ਤੋਰਿਆ ਤੇ ਰੇਤਲੇ ਟਿੱਬੇ ਉਤੇ ਕਾਕੂ ਤੇ ਬੈਣੋਂ ਦੇ ਝਗੜੇ ਤੇ ਬੈਣੋਂ ਆਪਣੇ ਬਾਪ ਨੂੰ ਲਲਕਾਰਦੀ ਹੈ ਤੇ ਦਾਤਰੀ ਫੜ ਕੇ ਖੜ੍ਹੀ ਹੋ ਜਾਂਦੀ ਹੈ—ਚੰਡੀ ਦਾ ਰੂਪ।

ਜਦੋਂ ਬੈਣੋਂ ਆਪਣੇ ਪ੍ਰੇਮੀ ਸਰਬਣ ਨਾਲ ਦੌੜ ਜਾਂਦੀ ਹੈ, ਕਾਕੂ ਦੋਹਾਂ ਹੱਥਾਂ ਵਿਚ ਬੈਣੋਂ ਦੀ ਹਰੀ ਚੁੰਨੀ ਚੁੱਕੀ ਵਾਪਿਸ ਆਉਂਦਾ ਹੈ। ਜਿਵੇਂ ਬੈਣੋਂ ਦੀ ਲਾਸ਼ ਹੋਵੇ। ਸੰਤੀ ਕਾਕੂ ਨੂੰ ਆਖਦੀ ਹੈ ਕਿ ਉਹ ਆਪਣੀ ਧੀ ਦੀ ਲਾਸ਼ ਨੂੰ ਵਿਹੜੇ ਵਿਚ ਟੋਆ ਪੁੱਟ ਕੇ ਦੱਬ ਦੇਵੇ। ਕਾਕੂ ਕਹੀ ਨਾਲ ਟੋਟਾ ਪੁੱਟਦਾ ਹੈ। ਸੰਤੀ ਬੈਣੋਂ ਦੀ ਚੁੰਨੀ ਨੂੰ ਇਸ ਟੋਏ ਵਿਚ ਦੱਬਦੀ ਹੈ ਤੇ ਮਿੱਟੀ ਨਾਲ ਪੂਰਦੀ ਹੈ। ਇਸ ਸਾਰੇ ਸੀਨ ਨੂੰ ਕਿਸੇ ਘੋਰ ਰੀਤ ਵਾਂਗ ਖੇਡਿਆ ਜਾਣਾ ਚਾਹੀਦਾ ਹੈ ਤਾਂ ਜੁ ਪਾਤਰਾਂ ਦੇ ਸੰਤਾਪ, ਮੌਤ ਤੇ ਇੱਜ਼ਤ-ਆਬਰੂ ਦਾ ਗੌਰਵ ਉਜਾਗਰ ਹੋ ਸਕੇ। ਇਹ ਟੋਆ ਵਿਹੜੇ ਵਿਚ ਨਹੀਂ ਪੁੱਟਿਆ ਜਾ ਰਿਹਾ, ਸੰਤੀ ਦੇ ਸੀਨੇ ਵਿਚ ਪੁੱਟਿਆ ਜਾ ਰਿਹਾ ਹੈ ਜਿਥੇ ਬੈਣੋਂ ਦਫ਼ਨ ਹੁੰਦੀ ਹੈ।



Scanned by CamScanner

ਤੀਜੇ ਐਕਟ ਵਿਚ ਸੰਤੀ ਨੂੰ ਬਾਰ ਬਾਰ ਬੈਣੋਂ ਦੀ ਯਾਦ ਸਤਾਉਂਦੀ ਹੈ ਤੇ ਉਹ ਅੱਧੀ ਰਾਤੀਂ ਉਠ ਬੈਠਦੀ ਹੈ। ਵਿਹੜੇ ਵਿਚ ਉਸਨੂੰ ਬੈਣੋਂ ਦੀਆਂ ਆਵਾਜ਼ਾਂ ਸੁਣਦੀਆਂ ਹਨ ਤੇ ਉਸ ਦਾ ਝਾਉਲਾ ਦਿਸਦਾ ਹੈ। ਬੈਣੋਂ ਸੁਪਨਿਆਂ ਵਿਚ ਸੰਤੀ ਨੂੰ ਛਮਕਾਂ ਮਾਰਦੀ ਹੈ ਤੇ ਵੰਗਾਰਦੀ ਹੈ। ਉਹ ਸੰਤੀ ਦੇ ਸੀਨੇ ਅੰਦਰ ਧੜਕਦੀ ਹੈ। ਬੈਣੋਂ ਸੰਤੀ ਦੇ ਮਨੋਵਿਗਿਆਨਕ ਅਸਤਿਤਵ ਦਾ ਜੀਉਂਦਾ ਜਾਗਦਾ ਰੂਪ ਹੈ।

**ਵਾਰਤਾਲਾਪ ਦੀ ਸ਼ੈਲੀ:**

ਦੋ ਚਾਰ ਸ਼ਬਦ ਆਪਣੇ ਪਾਤਰਾਂ ਦੀ ਭਾਸ਼ਾ ਬਾਰੇ ਵੀ ਆਖਣਾ ਚਾਹਵਾਂਗਾ।

ਮੈਂ ਬਠਿੰਡੇ ਦੇ ਰੇਤਲੇ ਇਲਾਕੇ ਦਾ ਰਹਿਣ ਵਾਲਾ ਹਾਂ। ਸਹਿਣਾ ਪਿੰਡ ਵਿਚ ਜੰਮਿਆ, ਜੋ ਤੱਪਾ ਮੰਡੀ ਤੋਂ ਪੰਜ ਛੇ ਮੀਲ ਤੇ ਬਠਿੰਡੇ ਤੋਂ ਅਠਾਰਾਂ ਵੀਹ ਮੀਲ ਦੇ ਫ਼ਾਸਲੇ ਉਤੇ ਹੈ। ਬਚਪਨ ਇਥੇ ਗੁਜ਼ਰਿਆ। ਫਿਰ ਬਠਿੰਡੇ ਵਿਚ, ਜੋ ਉਸ ਵੇਲੇ ਪਿੰਡ ਹੀ ਤਾਂ ਸੀ। ਆਬਾਦੀ ਮਸਾਂ ਅਠਾਰਾਂ ਹਜ਼ਾਰ। ਇਥੇ ਕੱਚੀਆਂ ਗਲੀਆਂ ਵਿਚ ਮਹੱਲੇ ਦੇ ਤਖਾਣਾ, ਜੁਲਾਹਿਆਂ, ਜੱਟਾਂ ਤੇ ਮਰਾਸੀਆਂ ਦੇ ਮੁੰਡਿਆਂ ਨਾਲ ਖੇਡਦਾ ਮੈਂ ਵੱਡਾ ਹੋਇਆ। ਮਲਵਈ ਜ਼ਬਾਨ ਦਾ ਜੰਮਪਲ ਆਦਮੀ ਆਪਣੀ ਜ਼ਬਾਨ ਕਦੇ ਨਹੀਂ ਭੁੱਲਦਾ। ਦਿੱਲੀ ਦੱਖਣ ਗਾਹ ਆਵੇ, ਵਲੈਤ ਫਿਰ ਆਵੇ, ਭਾਵੇਂ ਉਥੇ ਹੀ ਰਹਿ ਜਾਵੇ ਪਰ ਆਪਣੀ ਜ਼ਬਾਨ ਉਸਦੇ ਸੁਪਨਿਆਂ ਵਿਚ ਵੀ ਧੜਕਦੀ ਹੈ। ਜਦ ਬੰਦੇ ਦਾ ਘੋਰੜੂ ਵੱਜਣ ਲੱਗਦਾ ਹੈ ਤਾਂ ਉਸ ਵੇਲੇ ਵੀ ਉਹ ਆਪਣੀ ਜ਼ਬਾਨ ਵਿਚ ਹੀ ਪਾਣੀ ਮੰਗਦਾ ਹੈ।

ਮਲਵਈ ਜ਼ਬਾਨ ਮੇਰੇ ਹੱਡਾਂ ਵਿਚ ਹੈ। ਪਹਿਲਾ ਨਾਟਕ 'ਬੇਬੇ' ਮੈਂ 1943 ਵਿਚ ਮਲਵਈ ਵਿਚ ਲਿਖਿਆ। ਉਸ ਪਿਛੋਂ 'ਲੋਹਾ-ਕੁੱਟ' ਲਿਖਿਆ ਤਾਂ ਇਸਦੀ ਬੋਲੀ ਤੇ ਮਾਹੌਲ ਮਾਲਵੇ ਦਾ ਸੀ ਪਰ ਜਿਥੇ ਸੰਤੀ ਜਜ਼ਬੇ ਵਿਚ ਭਰੀ ਆਪਣੇ ਅੰਤਰੀਵ ਭਾਵਾਂ ਨੂੰ ਪਰਗਟ ਕਰਦੀ ਹੈ ਤੇ ਨਾਟਕੀ ਸਿਖਰਾਂ ਨੂੰ ਛੋਂਹਦੀ ਹੈ ਉਥੇ ਜ਼ਬਾਨ ਭੜਕ ਕੇ ਦਘਣ ਲਗਦੀ ਹੈ, ਤੇ ਕਾਵਿਮਈ ਬਣ ਜਾਂਦੀ ਹੈ। ਇਹ ਇਕ ਸੁਚੇਤ ਪ੍ਰਕ੍ਰਿਆ ਹੈ ਜੋ ਨਾਟਕੀ ਗਤੀ ਨੂੰ ਪ੍ਰਭਾਵਕਾਰੀ ਬਣਾਉਂਦੀ ਹੈ।

ਘੋਰ ਯਥਾਰਥ ਦੇ ਨਾਟਕਾਂ ਵਿਚ – ਜਿਵੇਂ 'ਕੇਸਰੋ', 'ਬਿਸਵੇਦਾਰ', 'ਰਾਈ ਦਾ ਪਹਾੜ', 'ਨਵਾਂ ਮੁੱਢ', 'ਜੁਆਈ', 'ਦੋ ਅੰਨ੍ਹੇ ', 'ਮੋਘਾ', 'ਤ੍ਰਕਾਲਾਂ', 'ਡੰਗੋਰੀ' – ਵਿਚ ਮੈਂ ਮੋਟੀ ਠੁੱਲ੍ਹੀ ਮਲਵਈ ਦੀ ਵਰਤੋਂ ਕੀਤੀ ਹੈ ਕਿਉਂਕਿ ਇਹ ਪਾਤਰਾਂ ਦੇ ਸੁਭਾਅ ਤੇ ਉਹਨਾਂ ਦੇ ਨੈਣ ਨਕਸ਼ਾਂ ਨੂੰ ਵਧੇਰੇ ਚੰਗੀ ਤਰ੍ਹਾਂ ਉਘਾੜਦੀ ਹੈ। 'ਕਣਕ ਦੀ ਬੱਲੀ' (1954) ਦੀ ਫਫੇਕੁਟਣੀ ਤਾਬਾਂ, ਝੰਡੂ ਤੇ ਮੱਘਰ ਦੀ ਜ਼ਬਾਨ ਨੂੰ ਵੀ ਮਲਵਈ ਪੁੱਠ ਦਿਤੀ ਹੈ, ਪਰ ਤਾਰੋ ਤੇ ਨਰੈਣਾ ਤੇ ਬਚਨਾ ਦੀ ਜ਼ਬਾਨ ਸਰੋਦੀ ਤੇ ਰੁਮਾਂਚਕ ਹੈ। ਇਸ ਤਰ੍ਹਾਂ ਭਾਸ਼ਾ ਨੂੰ ਨਾਟਕ ਦੀ ਗਤੀ ਤੇ ਜਜ਼ਬੇ ਦੀ ਲੋੜ ਅਨੁਸਾਰ ਵਰਤਿਆ ਹੈ।

'ਪੱਤਣ ਦੀ ਬੇੜੀ' (1950) ਦੀ ਨਾਇਕਾ ਦੀਪੋ ਜੋ ਦਰਿਆ ਦੇ ਕੰਢੇ ਝੁੱਗੀ ਵਿਚ ਰਹਿੰਦੀ ਹੈ, ਟਕਸਾਲੀ ਪੰਜਾਬੀ ਬੋਲਦੀ ਹੈ। ਇਸ ਬੋਲੀ ਵਿਚ ਹੀ ਉਹ ਆਪਣੇ ਜਜ਼ਬਾਤ ਦੀਆਂ ਟੱਕਰਾਂ, ਪਿਆਰ ਦੀਆਂ ਤੜਪਾਂ ਤੇ ਗ਼ੈਰ ਮਰਦ ਲਈ ਉਬਲਦੇ ਵੇਗ ਨੂੰ ਪਰਗਟਾਉਂਦੀ ਹੈ। ਇਹ ਆਮ ਮੱਲਾਹ ਦੀ ਅਨਪੜ੍ਹ ਤੀਵੀਂ ਦੀ ਬੋਲੀ ਨਹੀਂ, ਸਗੋਂ ਇਹ

Scanned by CamScanner

ਜਜ਼ਬਿਆਂ ਦੀਆਂ ਲਹਿਰਾਂ, ਘੁੰਮਣਘੇਰੀਆਂ ਤੇ ਤੂਫ਼ਾਨ ਨਾਲ ਭਰੀ ਹੋਈ ਤੀਵੀਂ ਦੀ ਬੋਲੀ ਹੈ – ਦੀਪੋ ਦੀ ਬੋਲੀ, ਜੋ ਮੇਰੀ ਨਾਇਕਾ ਹੈ। ਉਹ ਉਹਨਾਂ ਸਭਨਾਂ ਤੀਵੀਆਂ ਦੀ ਪ੍ਰਤੀਨਿਧ ਹੈ ਜੋ ਮਾਨਸਿਕ ਸੰਘਰਸ਼ ਵਿਚ ਘਿਰੀਆਂ ਹੋਈਆਂ ਹਨ।

ਇਸੇ ਤਰ੍ਹਾਂ ਮੈਂ 'ਕਣਕ ਦੀ ਬੱਲੀ', 'ਸੁਲਤਾਨ ਰਜ਼ੀਆ' (1972), 'ਧੂਣੀ ਦੀ ਅੱਗ' (1968), 'ਸੌਂਕਣ' (1980) ਤੇ 'ਅਭਿਸਾਰਿਕਾ' (1993) ਦੀ ਜ਼ਬਾਨ ਨੂੰ ਸਮਲਈ ਵੇਗ ਦਾ ਸੇਕ ਦੇ ਕੇ ਪਾਤਰਾਂ ਦੇ ਦੁਖਾਂਤ ਨੂੰ ਪ੍ਰਜਵਲਿਤ ਕੀਤਾ ਹੈ।

ਕੁਝ ਸ਼ਬਦ ਮੰਚ ਸੈਟਿੰਗ ਤੇ ਮੰਚ ਸਾਮੱਗਰੀ ਬਾਰੇ ਵੀ ਜ਼ਰੂਰੀ ਹਨ।

'ਲੋਹਾ ਕੁੱਟ' ਦੇ ਪਹਿਲੇ ਐਡੀਸ਼ਨ ਵਿਚ ਕਾਕੂ ਲੁਹਾਰ ਦੀ ਭੱਠੀ ਦਾ ਜ਼ਿਕਰ ਹੈ ਤਾਂ ਮੈਂ ਲੁਹਾਰ ਦੇ ਸਾਰੇ ਸੰਦ ਗਿਣਾ ਛੱਡੇ ਸਨ। ਅਹਿਰਣ ਤੇ ਘਣ – ਵੀ ਫ਼ਹਿਰਿਸਤ ਵਿਚ ਸ਼ਾਮਲ ਸਨ ਹਾਲਾਂ ਕਿ ਇਹਨਾਂ ਦੀ ਕੋਈ ਨਾਟਕੀ ਲੋੜ ਨਹੀਂ ਸੀ। ਇਸੇ ਤਰ੍ਹਾਂ ਕੁੱਕੜ ਤੇ ਤਿੱਤਰਾਂ ਬਾਰੇ ਵੇਰਵੇ। ਮੰਚ ਉਤੇ ਅਸਲੀ ਕੁੱਕੜ ਲਿਆਉਣ ਦੀ ਲੋੜ ਨਹੀਂ ਕਿਉਂਕਿ ਅਸਲ ਕੁੱਕੜ ਸ਼ਾਇਦ ਕਾਕੂ ਦੇ ਹੱਥ ਤੇ ਠੂੰਗਾ ਮਾਰ ਕੇ ਐਕਟਰ ਨੂੰ ਜ਼ਖ਼ਮੀ ਕਰ ਦੇਵੇ ਤੇ ਬਾਂਗਾਂ ਦੇਣ ਲਗ ਪਵੇ। ਟ੍ਰੈਜੇਡੀ, ਅਸਲੀ ਕੁੱਕੜ ਦੀ ਵਰਤੋਂ ਨਾਲ, ਕਾਮੇਡੀ ਬਣ ਜਾਵੇਗੀ। ਨਾ ਹੀ ਦੁੱਧ ਦੇ ਉਬਲਣ ਤੇ ਅੱਗ ਦੇ ਭਾਂਬੜਾਂ ਦੀ ਲੋੜ ਹੈ। ਮੰਚ ਦੀ ਬਾਕੀ ਸਾਮੱਗਰੀ ਨੂੰ ਵੀ ਕਲਾਤਮਕ ਤੌਰ ਉਤੇ ਵਰਤਣ ਦੀ ਲੋੜ ਹੈ, ਨਾ ਕਿ ਵਾਸਤਵਿਕ ਰੂਪ ਵਿਚ।

ਦਸੰਬਰ 1994 ਵਿਚ, ਜਦੋਂ ਮਹਿੰਦ੍ਰ ਕੁਮਾਰ ਨੇ ਪੰਜਾਬ ਯੂਨੀਵਰਸਿਟੀ ਦੇ ਥੀਏਟਰ ਡੀਪਾਰਟਮੈਂਟ ਦੇ ਸਟੂਡੀਓ ਵਿਚ ਇਹ ਨਾਟਕ ਡਾਇਰੈਕਟ ਕੀਤਾ, ਤਾਂ ਉਸ ਨੇ ਇਸ ਨੂੰ ਚਿੰਨ੍ਹਾਤਮਕ ਸ਼ੈਲੀ ਵਿਚ ਰੂਪਮਾਨ ਕੀਤਾ। ਮੰਚ ਦੇ ਯਥਾਰਥਕ ਰੂਪ ਨੂੰ ਤੋੜ ਕੇ ਦਰਸ਼ਕਾਂ ਵਿਚਕਾਰ ਵਗਦੀਆਂ ਪਗਡੰਡੀਆਂ ਨੂੰ ਮੰਚ ਦਾ ਅੰਗ ਬਣਾਇਆ। ਇਸ ਤਰ੍ਹਾਂ ਯਥਾਰਥ ਦੇ ਜੰਮੇ ਹੋਏ ਕਾਰਜ ਸਥਾਨ ਨੂੰ ਪਿਘਲਾ ਕੇ ਵਿਸ਼ਾਲਤਾ ਲਿਆਂਦੀ। ਸਾਹਿਤਕ ਸ਼ਬਦਾਂ ਨੂੰ ਥੀਏਟਰ ਦੀ ਦਰਸ਼ਨੀ ਭਾਸ਼ਾ ਦਿੱਤੀ।

'ਲੋਹਾ ਕੁਟ' ਦੀ ਪੇਸ਼ਕਾਰੀ ਵਿਚ ਕਈ ਵਿਰੋਧਾਭਾਸੀ ਪ੍ਰਭਾਵ ਉਜਾਗਰ ਕਰਨ ਲਈ ਔਟਲੀਆਂ ਜੁਗਤਾਂ ਵਰਤੀਆਂ ਗਈਆਂ ਹਨ। ਜਦੋਂ ਸਰਬਣ ਪਸ਼ੂਆਂ ਦੇ ਵਾੜੇ ਵਿਚ ਚੋਰੀਓਂ ਬੈਣੋ ਨੂੰ ਮਿਲਦਾ ਹੈ ਤੇ ਉਹਨਾਂ ਦੇ ਪਿਆਰ ਦਾ ਪਹਿਲਾ ਅੰਗਿਆਰ ਮਘਦਾ ਹੈ ਤਾਂ ਦੂਰ ਕਿਸੇ ਵਿਹੜੇ ਵਿਚ ਜੁਆਨ ਪੁੱਤ ਦੀ ਮੌਤ ਉਤੇ ਸਿਆਪਾ ਹੋ ਰਿਹਾ ਹੁੰਦਾ ਹੈ। ਦੋ ਚਾਨਣ ਚੱਕਰ ਵੱਖ ਵੱਖ ਸਥੱਲਾਂ ਉਤੇ ਬਦਲਦੇ ਪ੍ਰਭਾਵ ਦਰਸਾਉਂਦੇ ਹਨ। ਇਕ ਪਾਸੇ ਤੀਵੀਆਂ ਦਾ ਸਿਆਪਾ ਤੇ ਦੂਜੇ ਪਾਸੇ ਪਿਆਰ ਦਾ ਹੜ੍ਹ।

ਤੀਜੇ ਐਕਟ ਵਿਚ ਜਦੋਂ ਕਾਕੂ ਸ਼ਰਾਬ ਪੀਂਦਾ ਹੈ ਤੇ ਸੰਤੀ ਪਾਣੀ ਦਾ ਅਰਘ ਚੜ੍ਹਾਉਂਦੀ ਹੈ ਤਾਂ ਇਹ ਕਾਰਜ ਦੋ ਪੱਧਰਾਂ ਉਤੇ ਵਾਪਰਦਾ ਹੈ। ਕਾਕੂ ਭੱਠੀ ਕੋਲ ਖੜ੍ਹਾ ਸ਼ਰਾਬ ਪੀਂਦਾ ਹੈ ਤੇ ਸੰਤੀ ਚੁੱਲ੍ਹੇ ਲਾਗੇ ਚੌਂਤਰੇ ਉਤੇ ਖੜ੍ਹੀ ਪਰਾਤ ਵਿਚ ਡਿਗਦੇ ਪਾਣੀ ਵਿਚ ਚੰਦਰਮਾ ਦੇਖਦੀ ਹੈ। ਪਾਣੀ ਦੀ ਧਾਰ ਤੇ ਸ਼ਰਾਬ ਦੀ ਧਾਰ ਆਬਸ਼ਾਰ ਵਾਂਗ ਨਜ਼ਰ ਆਉਂਦੇ ਹਨ। ਇਹ ਦੋ ਧਾਰਾਂ ਵੱਖਰੇ ਵੱਖਰੇ ਭਾਵ ਉਜਾਗਰ ਕਰਦੀਆਂ ਹਨ।

ਰੀਹਰਸਲਾਂ ਵਿਚ ਐਕਟਰਾਂ ਨੇ ਕਾਕੂ ਲੁਹਾਰ ਤੇ ਸੰਤੀ ਦੇ ਪਾਤਰਾਂ ਨੂੰ ਤੇ ਉਹਨਾਂ ਦੀ ਜੁਆਨ ਧੀ ਬੈਣੋ ਦੇ ਦੂਹਰੇ ਤੀਹਰੇ ਰਿਸ਼ਤਿਆਂ ਨੂੰ ਘੋਖਿਆ।

Scanned by CamScanner

ਪਹਿਲੇ ਐਡੀਸ਼ਨਾਂ ਵਿਚ ਬੈਣੋ-ਸਰਬਣ ਨਾਲ ਦੌੜ ਜਾਂਦੀ ਹੈ। ਉਹ ਦੌੜ ਕੇ ਕਿਥੇ ਜਾਂਦੀ ਹੈ ? ਕੀ ਉਸ ਨੂੰ ਸਰਬਣ ਦੇ ਘਰ ਵਾਲੇ ਸਵੀਕਾਰ ਕਰਦੇ ਹਨ ? ਕੀ ਸਰਬਣ ਦਾ ਪਿਆਰ ਠੰਢਾ ਪੈ ਜਾਂਦਾ ਹੈ ਤੇ ਉਹ ਬੈਣੋ ਨੂੰ ਛਡ ਦੇਂਦਾ ਹੈ ਜਾਂ ਉਸ ਨਾਲ ਆਪਣੇ ਬਚਨ ਪੁਗਾਉਂਦਾ ਹੈ ? ਇਸ ਦਾ ਕੁਝ ਪਤਾ ਨਹੀਂ ਚਲਦਾ। ਇਕ ਤਰ੍ਹਾਂ ਨਾਲ ਬੈਣੋ ਨਾਟਕ ਵਿਚੋਂ ਗ਼ਾਇਬ ਹੀ ਹੋ ਜਾਂਦੀ ਹੈ। ਉਸ ਦਾ ਕੀ ਅੰਤ ਹੁੰਦਾ ਹੈ — ਇਸ ਬਾਰੇ ਕੋਈ ਨਹੀਂ ਜਾਣਦਾ। ਇਹ ਉਤਸੁਕਤਾ ਨਾਟਕ ਵਿਚ ਬਦਲਦੀ ਤੇ ਡੂੰਘੀ ਹੁੰਦੀ ਜਾਂਦੀ ਹੈ। ਇਕ ਅਨਹੋਣੀ ਮਿਸਟਰੀ ਧੜਕਦੀ ਹੈ। ਕੁਝ ਵਾਪਰਨ ਵਾਲਾ ਹੈ ਪਰ ਪਤਾ ਨਹੀਂ ਕੀ ਜ਼ਿੰਦਗੀ ਵਿਚ ਇਸੇ ਤਰ੍ਹਾਂ ਦੀਆਂ ਅਚਨਚੇਤੀ ਘਟਨਾਵਾਂ ਵਾਪਰਦੀਆਂ ਹਨ ਜੋ ਅੰਦਰਲੇ ਸੱਚ ਦੀ ਹਾਕ ਹੁੰਦੀਆਂ ਹਨ। ਬਹੁਤ ਕੁਝ ਸੋਚਣ ਤੇ ਪਾਤਰਾਂ ਦੇ ਤਿੱਖੇ ਕੌੜੇ ਸੁਭਾਅ ਨੂੰ ਪਛਾਣਨ ਪਿਛੋਂ ਇਹ ਸੁਆਲ ਉਠਿਆ ਕਿ ਸੰਤੀ ਕਿਉਂ ਬੈਣੋ ਨੂੰ ਬਾਰ ਬਾਰ ਯਾਦ ਕਰਦੀ ਹੈ, ਰੋਂਦੀ ਹੈ, ਵਿਛ ਵਿਚ ਮੁੱਕੀਆਂ ਮਾਰਦੀ ਹੈ ਤੇ ਘੋਰ ਪਾਪਾਂ ਦੇ ਬੁਝੇ ਹੋਏ ਸਿਵੇ ਫਰੋਲਦੀ ਹੈ। ਬੈਣੋ ਨੂੰ ਜ਼ਰੂਰ ਕਤਲ ਕਰ ਦਿਤਾ ਹੋਵੇਗਾ, ਲੋਹਾ ਲਾਖਾ ਹੋਏ ਕਾਕੂ ਨੇ।

ਨਾਟਕ ਵਿਚ ਇਹ ਨਵਾਂ ਮੋੜ ਡਾਇਰੈਕਟਰ ਦੀ ਰਚਨਾਤਮਕ ਸੂਝ ਦਾ ਸਿੱਟਾ ਸੀ। ਜਦੋਂ ਇਹ ਨਾਟਕ ਇਸ ਨਵੇਂ ਰੂਪ ਵਿਚ ਖੇਡਿਆ ਗਿਆ ਤਾਂ ਇਹ ਠੀਕ ਲਗਿਆ ਕਿ ਕਾਕੂ ਬੈਣੋ ਦੀ ਲਾਸ਼ ਚੁਕ ਕੇ ਅੱਧੀ ਰਾਤ ਪਿਛੋਂ ਘਰ ਆਉਂਦਾ ਹੈ। ਜਦੋਂ ਉਹ ਕਹੀ ਚੁਕ ਕੇ ਟੋਆ ਪੁਟਣ ਲਗਦਾ ਹੈ ਤੇ ਪਹਿਲਾ ਟੱਪ ਮਾਰਦਾ ਹੈ ਤਾਂ ਮਾਂ ਦੀਆਂ ਭੁੱਬਾਂ ਨਿਕਲ ਜਾਂਦੀਆਂ ਹਨ। ਇਹ ਘਟਨਾ ਸਾਡੇ ਸਮਾਜ ਵਿਚ ਦੱਬੇ ਜ਼ੁਲਮ ਦੀ ਸਾਖੀ ਭਰਦੀ ਹੈ। ਇਹ ਟ੍ਰੈਜਡੀ ਭਰਪੂਰ ਸ਼ਕਤੀ ਨਾਲ ਉਭਰ ਕੇ ਸਾਹਮਣੇ ਆਉਂਦੀ ਹੈ।

ਬੈਣੋ ਦੇ ਕਤਲ ਪਿਛੋਂ ਵਿਹੜੇ ਵਿਚ ਉਦਾਸੀ ਛਾ ਜਾਂਦੀ ਹੈ। ਪਾਤਰਾਂ ਦੀ ਗਤੀ ਉਧੜਨ ਲਗਦੀ ਹੈ। ਉਹਨਾਂ ਦੇ ਪ੍ਰਸਪਰ ਸਬੰਧ ਬਦਲਣ ਲਗਦੇ ਹਨ ਤੇ ਤੀਹਰੇ ਚੌਹਰੇ ਰੂਪਾਂ ਵਿਚ ਉਹਨਾਂ ਦੀ ਚਾਲ ਤੇ ਗਤੀ ਦਿਸਦੀ ਹੈ। ਸੰਤੀ ਹੌਲੀ ਹੌਲੀ ਬਦਲ ਕੇ ਬੈਣੋ ਦੀ ਯਾਦ ਵਿਚ ਬੈਣੋ ਦਾ ਮਾਨਸਿਕ ਚੋਲਾ ਪਹਿਨ ਲੈਂਦੀ ਹੈ। ਕਾਕੂ ਵੀ ਅੰਤ ਵਿਚ ਬਦਲ ਜਾਂਦਾ ਹੈ।

ਸੰਤੀ ਦੇ ਦੌੜਨ ਪਿਛੋਂ ਉਹ ਗੰਡਾਸਾ ਲੈ ਕੇ ਉਸ ਦੇ ਪਿਛੇ ਜਾਂਦਾ ਹੈ ਪਰ ਉਸ ਵਿਚ ਹਿੰਮਤ ਨਹੀਂ ਕਿ ਉਹ ਸੰਤੀ ਨੂੰ ਮੋੜ ਲਿਆਵੇ। ਉਹ ਗੰਡਾਸਾ ਸੁੱਟ ਦੇਂਦਾ ਹੈ। ਉਸ ਨੇ ਸੰਤੀ ਦੇ ਬਾਗ਼ੀ ਰੂਪ ਨੂੰ ਸਵੀਕਾਰ ਕਰ ਲਿਆ ਹੈ। ਸੰਤੀ ਆਪਣੇ ਖ਼ਾਵੰਦ ਦੇ ਜ਼ੁਲਮ ਤੇ ਆਪਣੀ ਧੀ ਦੀ ਬਗ਼ਾਵਤ ਦੇਖ ਕੇ ਆਪਣੀ ਹੋਣੀ ਬਾਰੇ ਸੋਚਦੀ ਹੈ। ਆਪਣੇ ਮਰਦ ਦੇ ਜ਼ੁਲਮਾਂ ਦੇ ਖਿਲਾਫ਼ ਬਗ਼ਾਵਤ ਕਰਦੀ ਹੈ। ਉਹ ਅਜਿਹੀ ਤੀਵੀਂ ਹੈ ਜੋ ਆਪਣੇ ਜਜ਼ਬਾਤੀ ਸੱਚ ਨੂੰ ਪੁਗਾਉਣ ਲਈ ਕਾਕੂ ਨੂੰ ਛਡ ਕੇ ਚਲੀ ਜਾਂਦੀ ਹੈ ਅਤੇ ਉਸ ਬਗ਼ਾਵਤ ਦਾ ਚਿੰਨ੍ਹ ਬਣਦੀ ਹੈ ਜੋ ਅਤ੍ਰਿਪਤ ਤੀਵੀਆਂ ਦੇ ਅਚੇਤ ਮਨ ਵਿਚ ਸੁਲਘਦੀ ਰਹਿੰਦੀ ਹੈ।

ਇਸ ਨਾਟਕ ਨੇ ਕਈ ਮੰਜ਼ਿਲਾਂ ਤੈਅ ਕੀਤੀਆਂ। ਮੈਂ ਆਪਣੇ ਸਹਿਯੋਗੀ ਐਕਟਰਾਂ, ਡਾਇਰੈਕਟਰਾਂ ਤੇ ਆਲੋਚਕਾਂ ਦਾ ਸ਼ੁਕਰ ਗੁਜ਼ਾਰ ਹਾਂ ਜਿਨ੍ਹਾਂ ਨੇ ਪਚਵੰਜਾ ਸਾਲ ਤੀਕ ਇਸ ਨਾਟਕ ਨੂੰ ਜ਼ਿੰਦਾ ਰਖਿਆ ਤੇ ਇਸ ਵਿਚ ਸਾਹ ਭਰੇ। ਮੇਰੀ ਆਪਣੀ ਨਾਟ-ਕਲਾ ਦੇ ਵਿਕਾਸ ਵਿਚ ਲੋਹਾ-ਕੁੱਟ ਦੇ ਨਵੇਂ ਤੇ ਪੁਰਾਣੇ ਐਡੀਸ਼ਨ ਪੜ੍ਹਨ ਨਾਲ ਤੁਹਾਨੂੰ ਕਲਾ ਦੇ ਵਿਰੋਧਾਭਾਸੀ

Scanned by CamScanner

ਅਮਲ ਤੇ ਇਸ ਦੇ ਸਿਰਜਨਾਤਮਕ ਪੱਖ ਤੇ ਪਰਤਾਂ ਦਾ ਵੀ ਦਿਲਚਸਪ ਆਭਾਸ ਹੋਵੇਗਾ।

ਮੈਨੂੰ ਦਸੰਬਰ 1994 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਜਾਣ ਦਾ ਮੌਕਾ ਮਿਲਿਆ। ਪ੍ਰੋ. ਤੇਜਵੰਤ ਸਿੰਘ ਗਿੱਲ ਦੇ ਘਰ ਡਿਨਰ ਪਾਰਟੀ ਸੀ। ਇਹ ਇਕ ਤਰ੍ਹਾਂ ਦੀ ਸਾਹਿਤਕ ਗੋਸ਼ਟੀ ਸੀ ਜਿਸ ਵਿਚ ਗੁਰਬਖਸ਼ ਸਿੰਘ ਫਰੈਂਕ, ਮਨਜੀਤਪਾਲ ਕੌਰ, ਗੁਰਉਪਦੇਸ ਸਿੰਘ ਵੀ ਸ਼ਾਮਿਲ ਸਨ।

ਗੱਲਾਂ ਸਾਹਿਤ ਬਾਰੇ ਛਿੜੀਆਂ ਤਾਂ 'ਲੋਹਾ ਕੁਟ' ਉਤੇ ਬਹਿਸ ਹੋਣ ਲੱਗੀ। ਤੇਜਵੰਤ ਨੇ ਭਖਦੀ ਬਹਿਸ ਵਿਚ ਆਖਿਆ, "ਮੈਨੂੰ ਤੁਹਾਡਾ ਉਨੀ ਸੌ ਚੁਤਾਲੀ ਦਾ ਨਾਟਕ ਜ਼ਿਆਦਾ ਪਸੰਦ ਹੈ। ਇਸ ਵਿਚ ਉਸ ਸਮੇਂ ਦੀਆਂ ਸਮਾਜਕ ਹਕੀਕਤਾਂ ਹਨ ਜੋ ਸ਼ਰਾਬ ਪੀਂਦੇ ਤੇ ਰੋਟੀ ਖਾਂਦੇ ਕਾਕੂ ਦੇ ਦੋਸਤ ਯੱਕੜ ਮਾਰਦੇ ਹੋਏ ਬੋਲਦੇ ਹਨ।" ਬਾਕੀ ਦੇ ਤਿੰਨੇ ਆਲੋਚਕ ਵੀ ਇਸੇ ਗਲ ਦੇ ਹਾਮੀ ਸਨ ਕਿ ਮੈਂ ਨਾਟਕ ਦੇ ਸਮਾਜਕ ਤੇ ਸਿਆਸੀ ਹਾਲਾਤ ਨੂੰ ਬਦਲ ਕੇ ਨਵੇਂ ਐਡੀਸ਼ਨਾਂ ਵਿਚ ਨਵੀਆਂ ਗੱਲਾਂ ਨਾ ਪਾਵਾਂ। ਇਸ ਨਾਲ ਨਾਟਕੀ ਸਿਖਰਾਂ ਦਾ ਪ੍ਰਸਪਰ ਰਿਸ਼ਤਾ ਤੇ ਸਮਾਜਕ ਯਥਾਰਥ ਖਿੰਡ ਜਾਂਦੇ ਹਨ।

ਮੈਂ ਖ਼ੁਦ ਇਹਨਾਂ ਲੀਹਾਂ ਉਤੇ ਹੀ ਨਾਟਕ ਨੂੰ ਸੋਧਣ ਬਾਰੇ ਸੋਚ ਰਿਹਾ ਸਾਂ। ਇਹਨਾਂ ਆਲੋਚਕਾਂ ਨੇ ਮੇਰੇ ਅਨੁਭਵ ਦੀ ਪੁਸ਼ਟੀ ਕੀਤੀ। ਮੈਂ ਇਹਨਾਂ ਦਾ ਸ਼ੁਕਰਗੁਜ਼ਾਰ ਹਾਂ ਕਿਉਂਕਿ ਇਹਨਾਂ ਦੀ ਅਲੋਚਨਾ ਵਿਚ ਨਿੱਘ ਸੀ ਤੇ ਵਿਸ਼ਲੇਸ਼ਣਾਤਮਕ ਚਮਕ।

ਮੈਂ ਨਾਟਕ ਨੂੰ 1944 ਦੇ ਕਾਲ-ਪਿਛੋਕੜ ਵਿਚ ਰਖ ਕੇ ਪਹਿਲੇ ਐਡੀਸ਼ਨ ਦੇ ਆਧਾਰ ਉਤੇ ਸੋਧਿਆ ਹੈ। ਪੂਰੇ ਪਚਵੰਜਾ ਸਾਲ ਹੋ ਗਏ ਹਨ ਇਸ ਨਾਟਕ ਨੂੰ ਲਿਖਿਆਂ ਤੇ ਹੁਣ ਤੀਕ ਇਹ ਮੰਚ-ਪ੍ਰਦਰਸ਼ਨ ਸਬੰਧੀ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ।

ਮੈਂ ਆਪਣੇ ਸ਼ਿਸ਼-ਮਿੱਤਰ ਬਖਸ਼ੀਸ਼ ਸਿੰਘ ਦਾ ਖ਼ਾਸ ਤੌਰ ਤੇ ਰਿਣੀ ਹਾਂ ਜੋ ਪਿਛਲੇ ਛੱਬੀ ਸਾਲ ਤੋਂ ਮੇਰੀ ਹਰ ਰਚਨਾ ਨਾਲ ਜੁੜਿਆ ਹੋਇਆ ਹੈ ਅਤੇ ਜਿਸ ਦੀ ਸੰਵੇਦਨਸ਼ੀਲਤਾ ਨੇ ਮੇਰੀਆਂ ਰਚਨਾਵਾਂ ਵਿਚ ਕਲਾਤਮਕ ਸ਼ਕਤੀ ਭਰੀ।

ਮੇਰਾ ਵਿਸ਼ਵਾਸ ਹੈ ਕਿ ਇਸ ਨਾਟਕ ਨੂੰ ਖੇਡਣ ਨਾਲ ਕਲਾਕਾਰ ਇਸ ਦੇ ਸੋਧੇ ਹੋਏ ਰੂਪ ਦਾ ਜ਼ਿਆਦਾ ਆਨੰਦ ਮਾਣਨਗੇ। ਮੇਰੇ ਆਲੋਚਕ ਇਸ ਦੇ ਸਾਹਿਤਕ ਰੂਪ ਨੂੰ, ਅਤੇ ਬਿੰਬਾਂ, ਚਿੱਤਰਾਂ ਤੇ ਵਾਰਤਾਲਾਪ ਨੂੰ ਸੁਚੇਤ ਕਲਾ ਦਾ ਨਤੀਜਾ ਸਮਝਣਗੇ।

**ਬਲਵੰਤ ਗਾਰਗੀ**

**ਸਤੰਬਰ 1998**
**ਪੰਜਾਬੀ ਯੂਨੀਵਰਸਿਟੀ**
**ਪਟਿਆਲਾ।**

Scanned by CamScanner

# ਪਾਤਰ

ਕਾਕੂ : ਪਿੰਡ ਦਾ ਲੁਹਾਰ

ਸੰਤੀ : ਉਸ ਦੀ ਬੀਵੀ

ਬੈਣੋ : ਉਸ ਦੀ ਜਵਾਨ ਧੀ

ਦੀਪਾ : ਉਸ ਦਾ ਪੁੱਤ – ਉਮਰ ਬਾਰਾਂ ਸਾਲ

ਬਚਨੀ : ਸੰਤੀ ਦੀ ਸਹੇਲੀ

ਗੱਜਣ : ਸੰਤੀ ਦਾ ਬਚਪਨ ਦਾ ਹਾਣੀ

ਬਣਸੋ : ਰੋਟੀਆਂ ਥੱਪਣ ਵਾਲੀ ਝੀਊਰੀ

ਗੁਆਂਢਣ :

ਤਲੋਕਾ, ਕਰਮਾ, ਬਾਰੂ : ਕਾਕੂ ਦੇ ਦੋਸਤ

ਸਮਾਂ : 1944

ਸਥਾਨ : ਮਾਲਵੇ ਦਾ ਇਕ ਪਿੰਡ। ਸਾਰਾ ਕਾਰਜ ਕਾਕੂ ਲੁਹਾਰ ਦੀ ਭੱਠੀ ਦੇ ਵਿਹੜੇ ਵਿਚ ਵਾਪਰਦਾ ਹੈ।

Scanned by CamScanner

# ਐਕਟ ਪਹਿਲਾ

## ਸੀਨ ਪਹਿਲਾ

ਕਾਕੂ ਦੀ ਭੱਠੀ। ਅਹਿਰਨ, ਖੱਲ ਦੀ ਧੌਂਕਣੀ, ਹਥੌੜਾ, ਸੰਨ੍ਹੀ ਤੇ ਹੋਰ ਸੰਦ। ਤਿੱਤਰਾਂ ਦਾ ਪਿੰਜਰਾ ਟੰਗਿਆ ਹੋਇਆ ਹੈ। ਵਿਹੜੇ ਵਿਚ ਲਿੱਪੀ ਹੋਈ ਖੁਲ੍ਹੀ ਰਸੋਈ, ਚੁੱਲ੍ਹਾ ਤੇ ਭਾਂਡੇ ਟੀਂਡੇ। ਇਕ ਬੂਹਾ ਗਲੀ ਵਿਚ ਖੁਲ੍ਹਦਾ ਹੈ।

ਸੰਤੀ ਭੱਠੀ ਵਿਚ ਕੋਲੇ ਸੁੱਟ ਰਹੀ ਹੈ ਤੇ ਉਸ ਦਾ ਬਾਰਾਂ ਸਾਲ ਦਾ ਪੁੱਤ ਦੀਪਾ ਖੱਲ ਦੀ ਧੌਂਕਣੀ ਚਲਾ ਰਿਹਾ ਹੈ। ਬੈਣੋ ਸਿਰ ਉੱਤੇ ਪਾਣੀ ਦਾ ਘੜਾ ਚੁਕੀ ਗਲੀ ਵਿਚੋਂ ਆਉਂਦੀ ਹੈ। ਸੰਤੀ ਭੱਠੀ ਤੋਂ ਉਠ ਕੇ ਉਸ ਦਾ ਘੜਾ ਲੁਹਾਉਂਦੀ ਹੈ। ਬੈਣੋ ਖੂੰਜੇ ਵਿਚ ਘੜਾ ਰਖ ਕੇ ਭਿੱਜੀ ਹੋਈ ਕੁੜਤੀ ਛੰਡਦੀ ਹੈ। ਪਿੰਜਰੇ ਨੂੰ ਦੇਖਦੀ ਹੈ ਤੇ ਤਿੱਤਰਾਂ ਨੂੰ ਚੋਗਾ ਪਾਉਂਦੀ ਹੈ। ਉਹ ਹਰੀ ਚੁੰਨੀ ਲਈ ਢਾਕ ਉੱਤੇ ਦੋਹਣਾ ਰਖ ਕੇ ਵਿਹੜੇ ਵਿਚੋਂ ਨਿਕਲਦੀ ਹੈ।

ਸੰਤੀ : ਕਿਧਰ ਚੱਲੀ ਐਂ ਦੋਹਣਾ ਚੁਕ ਕੇ ?

ਬੈਣੋ : ਧਾਰ ਕੱਢਣ।

ਸੰਤੀ : ਐਡੀ ਛੇਤੀ ? ਡੰਗਰ ਹੁਣੇ ਬਾਹਰੋਂ ਆਏ ਨੇ, ਧਾਰ ਕੱਢਣ ਦਾ ਵੇਲਾ ਨਹੀ ਹੋਇਆ।

ਬੈਣੋਂ : ਗਾਂ ਨੂੰ ਹੁਣੇ ਚੋ ਲਿਆਵਾਂ, ਨਹੀਂ ਤਾਂ ਲੇਵਾ ਆਕੜ ਜਾਊ। ਮੇਰੀਆਂ ਬਿੜਕਾਂ ਭੰਨਦੀ ਹੋਊ। ਜੇ ਰਤਾ ਚਿਰ ਹੋ ਜਾਏ ਤਾਂ ਸਿੰਗਾਂ 'ਤੇ ਚੁੱਕਣ ਨੂੰ ਆਉਂਦੀ ਐ।

ਸੰਤੀ : ਹਾਲੇ ਤਾਂ ਦਿਨ ਵੀ ਨਹੀਂ ਛਿਪਿਆ।

ਬੈਣੋ : ਦਿਨ ਛਿਪੇ ਜਾਵਾਂ ਤਾਂ ਤੂੰ ਗੁੱਸੇ ਹੁੰਨੀ ਐਂ ਕਿ ਕੁਵੇਲੇ ਕਿਉਂ ਤੁਰੀ ਫਿਰਦੀ ਐਂ।

ਸੰਤੀ : ਜਾਹ ਫੇਰ। ਪਰ ਉਥੇ ਹੀ ਨਾ ਬੈਠੀ ਰਹੀਂ। ਵਾੜੇ ਵਿਚ ਦੁੱਧ ਦਾ ਛਿੱਟਾ ਦੇਣਾ ਨਾ ਭੁੱਲੀਂ ਨਹੀਂ ਤਾਂ ਗੁੱਗਾ ਪੀਰ ਰੁੱਸ ਜਾਊ। ਚੁਮਾਸੇ ਦੇ ਦਿਨ ਨੇ। ਦੀਵਾ ਬਾਲ ਕੇ ਰਖ ਆਵੀਂ ਤੇ ਛੇਤੀ ਮੁੜੀਂ।

ਦੀਪਾ : ਹਾਲੇ ਤਾਂ ਦਿਨ ਵੀ ਨਹੀਂ ਛਿਪਿਆ।

ਬੈਣੋ : ਤੂੰ ਭੱਠੀ 'ਤੇ ਬੈਠ ਤੇ ਇਥੋਂ ਦਾ ਕੰਮ ਕਰ।

(ਬੈਣੋ ਜਾਂਦੀ ਹੈ।)

ਸੰਤੀ : ਤੂੰ ਕਿਥੇ ਚਲਿਐਂ ? ਹੁਣ ਤੇਰਾ ਬਾਪੂ ਆਉਣ ਵਾਲਾ ਐ। ਫਾਲੇ ਤੇ ਕਹੀਆਂ ਪਏ ਨੇ, ਉਹਨਾਂ ਨੂੰ ਡੰਗਣਾ ਐ।

ਦੀਪਾ : ਗਲੀ ਵਿਚ ਮੇਰੇ ਹਾਣੀ ਖੇਡਦੇ ਸੁਣਾਈ ਦੇਂਦੇ ਨੇ। ਬਾਪੂ ਦੇ ਆਉਣ ਤੋਂ ਪਹਿਲਾਂ ਹੀ ਮੁੜ ਆਊਂ।



Scanned by CamScanner

ਸੰਤੀ : ਲੈ ਉਹ ਆ ਗਿਆ।
ਦੀਪਾ : ਇਹ ਬਾਪੂ ਨਹੀਂ।
ਸੰਤੀ : ਕੌਣ ਐ ?
ਦੀਪਾ : ਇਹ ਤਾਂ ਗੱਜਣ ਚਾਚਾ ਐ।

(ਗੱਜਣ ਹਲ ਚੁਕੀਂ ਦਾਖ਼ਿਲ ਹੁੰਦਾ ਹੈ।)

ਗੱਜਣ : ਕਾਕੂ ਕਿਥੇ ਐ ?
ਸੰਤੀ : ਕਾਸੀ ਪਰੋਹਤ ਕੋਲ ਗਿਐ ਬੈਣੋ ਦੇ ਵਿਆਹ ਦਾ ਦਿਨ ਧਰਨ।
ਗੱਜਣ : ਕੋਈ ਮੁੰਡਾ ਟੋਲ੍ਹ ਲਿਆ ?
ਸੰਤੀ : ਹਾਂ, ਮੌੜਾਂ ਵਾਲੇ ਲੁਹਾਰ ਦਾ ਪੁਤ।
ਗੱਜਣ : ਚੰਗਾ ਕੀਤਾ। ਹੁਣ ਉਹ ਜੁਆਨ ਹੋ ਗਈ ਤੇ ਵਿਆਹੁਣ ਦੀ ਉਮਰ ਐ। ਸਮਾਂ ਬੀਤਦੇ ਕੀ ਚਿਰ ਲਗਦੈ. . .ਹਾਲੇ ਕੱਲ੍ਹ ਦੀ ਗੱਲ ਐ ਉਹ ਵੇਹੜੇ. ਵਿਚ ਗੁੱਡੀਆਂ ਪਟੋਲੇ ਖੇਡਦੀ ਸੀ। ਦਿਨਾਂ ਵਿਚ ਹੀ ਵੱਡੀ ਹੋ ਗਈ।

(ਕਾਕੂ ਦਾਖ਼ਿਲ ਹੁੰਦਾ ਹੈ।)

ਸੰਤੀ : ਬੜਾ ਚਿਰ ਲਾ ਕੇ ਆਇਐਂ ?
ਕਾਕੂ : ਪਰੋਹਤ ਕੋਲ ਹੀ ਚਿਰ ਲਗ ਗਿਆ। ਮੌੜਾਂ ਤੋਂ ਬੈਣੋ ਦਾ ਸਹੁਰਾ ਆਇਆ ਹੋਇਆ ਸੀ। ਅਸੀਂ ਮਹੂਰਤ ਕਢਵਾ ਲਿਆ। ਅੱਸੂ ਦਾ ਸਾਹਾ ਨਿਕਲਿਆ। ਪੰਚਵੀਂ ਨੂੰ ਵਿਆਹ ਕਰ ਦਿਆਂਗੇ। ਵਿਆਹ ਉੱਤੇ ਤਿੰਨ ਦਿਨ ਜੰਞ ਰਖਾਂਗੇ। ਤਿੰਨ ਦਿਨ ਕੁੜਮਾਂ ਦੀ ਟਹਿਲ। ਰਜਾ ਕੇ ਤੋਰੂੰ ਪਿੰਡ ਵਾਲੇ ਯਾਦ ਰਖਣਗੇ।
ਸੰਤੀ : ਐਵੇਂ ਫੜ੍ਹਾਂ ਨਾ ਮਾਰ। ਜਿਸ ਨੇ ਧੀ ਦੇ ਦਿਤੀ ਉਸ ਨੇ ਸਭ ਕੁਝ ਦੇ ਦਿਤਾ।
ਗੱਜਣ : ਮੈਂ ਬੈਣੋ ਨੂੰ ਰੇਸ਼ਮੀ ਜੋੜਾ ਪਾਊਂ।
ਕਾਕੂ : ਆਪਣੇ ਘਰ ਤਾਂ ਰੇਸ਼ਮੀ ਜੋੜੇ ਵਾਲੀ ਨਾ ਲਿਆਂਦੀ।

(ਹੱਸਦਾ ਹੈ)

ਸੰਤੀ : ਦੋ ਮੰਨੀਆਂ ਪਕਾਉਣ ਲਈ ਆਪ ਚੁੱਲ੍ਹੇ ਵਿਚ ਫੂਕਾਂ ਮਾਰਨੀਆਂ ਪੈਂਦੀਆਂ ਨੇ। ਤੀਵੀਂ ਹੁੰਦੀ ਤਾ ਪੱਕੀਆਂ ਪਕਾਈਆਂ ਮਿਲਦੀਆਂ। ਚੁੱਲ੍ਹਾ ਬਲਦਾ ਤੇ ਘਰ ਵਿਚ ਸੁਖ ਹੁੰਦਾ।
ਗੱਜਣ : ਭਾਬੀ ਸੰਤੀਏ! ਚੰਗੇ ਚੰਗੇ ਘਰਾਂ ਦੇ ਸਾਕ ਆਏ ਮੈਨੂੰ, ਖ਼ਰਬੂਜ਼ੇ ਵਰਗੀਆਂ ਕੁੜੀਆਂ। ਪਰ ਮੈਂ ਹਾਮੀ ਨਾ ਓਟੀ। ਕਬੀਲਦਾਰੀ ਵਿਚ ਫਸ ਕੇ ਘਰ ਜੋਗਾ ਰਹਿ ਜਾਂਦਾ।
ਸੰਤੀ : ਤੈਨੂੰ ਕਬੀਲਦਾਰੀ ਦੇ ਸੁਖ ਦਾ ਕੀ ਪਤਾ। ਮੈਂ ਤਾਂ ਚੁੱਲ੍ਹੇ 'ਤੇ ਬੈਠੀ ਰਾਜ ਕਰਦੀ ਹਾਂ।
ਕਾਕੂ : ਏਸ ਹਥੌੜੇ ਦੀ ਬਰਕਤ ਹੈ ਸਾਰੀ। ਲੋਹੇ ਵਿਚੋਂ ਹੀ ਅਨਾਜ ਉਗਦਾ ਹੈ। ਇਹ ਲੋਹੇ ਦਾ ਫਾਲਾ ਧਰਤੀ ਦੀ ਹਿਕ ਚੀਰਦਾ ਹੈ ਤਾਂ ਬੀਜ ਫੁਟਦਾ ਹੈ। ਫ਼ਸਲਾਂ ਲਹਿਲਹਾਉਂਦੀਆਂ ਨੇ। ਦਾਣਿਆਂ ਨਾਲ ਭੜੋਲੇ ਭਰਦੇ ਨੇ। ਤੇ ਏਸੇ ਲੋਹੇ ਵਿਚੋਂ ਹੀ ਦਾਰੂ ਦੀਆਂ ਬੋਤਲਾਂ ਨਿਕਲਦੀਆਂ ਨੇ।

(ਹੱਸਦਾ ਹੈ)

ਸੰਤੀ : ਮਰਦ ਪਤਾ ਨਹੀਂ ਕਿਉਂ ਦਾਰੂ ਪੀਂਦੇ ਨੇ ? ਕਾਹਦਾ ਦੁੱਖ ਹੁੰਦੈ ਇਹਨਾਂ ਨੂੰ ? ਜੇ ਫ਼ਸਲਾਂ ਪੱਕੀਆਂ ਨੇ ਤਾਂ ਦਾਰੂ ਪੀਂਦੇ ਨੇ, ਜੇ ਸੋਕਾ ਪੈ ਜਾਵੇ ਤਾਂ ਦਾਰੂ ਪੀਂਦੇ ਨੇ। ਖ਼ੁਸ਼ੀ ਹੋਵੇ ਜਾਂ ਗ਼ਮੀ ਹੋਵੇ ਇਹਨਾਂ ਨੂੰ ਤਾਂ ਬਸ ਬਹਾਨਾ ਚਾਹੀਦੈ।

ਚੌਧਰੀਆਂ ਦੇ ਭਜਨੇ ਨੂੰ ਹੀ ਦੇਖ ਲਓ। ਬਾਪ ਦੇ ਮਰਨ ਪਿਛੋਂ ਸਾਰੇ ਖੇਤ ਗਲਾਸੀ ਵਿਚ ਪਾ ਕੇ ਪੀ ਗਿਆ। ਉਹਨੂੰ ਭਲਾ ਕਾਹਦਾ ਦੁੱਖ ਸੀ ?

ਕਾਕੂ : ਨੀ ਕਮਲੀਏ, ਦੁੱਖ ਤਾਂ ਜੰਮਿਆ ਹੀ ਸਾਡੇ ਨਾਲ ਹੈ। ਤੀਵੀਆਂ ਰੋ ਕੇ, ਛਾਤੀ ਪਿੱਟ ਕੇ ਦਿਲ ਹੌਲਾ ਕਰਦੀਆਂ ਨੇ, ਤੇ ਮਰਦ ਦਾਰੂ ਪੀ ਕੇ। ਮੈਂ ਜੇ ਦਾਰੂ ਦਾ ਘੁੱਟ ਨਾ ਲਾਵਾਂ ਤਾਂ ਇਹ ਸਾਲੇ ਹੱਡ ਹੀ ਨਹੀਂ ਖੁਲ੍ਹਦੇ।

ਕਾਕੂ : ਕਿਵੇਂ ਆਇਆ ਸੀ ਗੱਜਣਾ ?

ਗੱਜਣ : ਹਲ ਵਾਹੁੰਦੇ ਦਾ ਕੁੰਡਾ ਟੁਟ ਗਿਆ।

ਕਾਕੂ : ਅੱਜ ਕੱਲ੍ਹ ਕੰਮ ਦਾ ਬੜਾ ਜ਼ੋਰ ਐ। ਪਰਸੋਂ ਤੇਰਾ ਹਲ ਤਿਆਰ ਕਰ ਦੇਊਂਗਾ। ਲੈ ਜਾਵੀਂ।

ਗੱਜਣ : ਦੀਪਿਆ, ਰਤਾ ਹਿੰਮਤ ਨਾਲ ਫੂਕਾਂ ਲਾ।

(ਤਲੋਕਾ, ਕਰਮਾ ਤੇ ਬਾਰੂ ਆਉਂਦੇ ਹਨ। ਉਹਨਾਂ ਕੋਲ ਕਹੀ ਤੇ ਹਲ ਹੈ।)

ਤਲੋਕਾ : ਮੇਰਾ ਫਾਲਾ ਡੰਗ ਦਿਤਾ ?

ਕਾਕੂ : ਬਸ ਤੇਰਾ ਕੰਮ ਹੀ ਚੜ੍ਹਿਆ ਹੋਇਐ ਅਹਿਰਨ ਉੱਤੇ। ਦੋ ਕੁ ਸੱਟਾਂ ਲਾਉਣੀਆਂ ਨੇ। ਤੂੰ ਹੀ ਲਵਾ ਦੇਹ। (ਤਲੋਕਾ ਲਾਲ ਸੂਹੇ ਫਾਲੇ ਉਤੇ ਸੱਟਾਂ ਮਾਰਦਾ ਹੈ।) ਸ਼ਾਬਾਸ਼ੇ! ਜੀਉਂਦਾ ਰਹਿ! ਰਤਾ ਹੌਲੀ। ਹਾਂ, ਬਸ ਠੀਕ ਐ।

ਤਲੋਕਾ : (ਸੱਟਾਂ ਮਾਰਦਾ ਹੋਇਆ) ਹਈ ਸ਼ੈ।

ਕਾਕੂ : ਹੁਣ ਰਤਾ ਪੋਲੀਆਂ। ਤਲੀ ਵਾਲੇ ਪਾਸਿਉਂ।

ਤਲੋਕਾ : ਫ਼ਿਕਰ ਨਾ ਕਰ।

ਕਾਕੂ : ਬਸ ਸੂਤ ਐ।

(ਉਹ ਫਾਲੇ ਨੂੰ ਪਾਣੀ ਦੀ ਬਾਲਟੀ ਵਿਚ ਡੁਬੋ ਕੇ ਕਢਦਾ ਹੈ।)

ਤਲੋਕਾ : ਫਾਲਾ ਰਤਾ ਠੀਕ ਤਰ੍ਹਾਂ ਠੋਕੀਂ।

ਕਾਕੂ : ਤੂੰ ਵੇਖਦਾ ਜਾਹ। ਤੇਰਾ ਹਲ ਭਾਵੇਂ ਟੁੱਟ ਜਾਵੇ ਫਾਲਾ ਨਹੀਂ ਨਿਕਲਦਾ।

ਤਲੋਕਾ : ਮੀਂਹ ਵਰ੍ਹੇ ਹੋਏ ਨੇ, ਧਰਤੀ ਆਫਰੀ ਹੋਈ ਐ। ਮੈਨੂੰ ਨਵਾਂ ਫਾਲਾ ਚਾਹੀਦੈ। ਪੱਕੇ ਲੋਹੇ ਦਾ।

ਕਾਕੂ : ਪੱਕੇ ਲੋਹੇ ਦਾ ਅੱਜ ਕਲ੍ਹ ਕਾਲ ਪੈ ਗਿਐ। ਮੰਡੀ ਵਿਚ ਜਾ ਕੇ ਦਸ ਦੁਕਾਨਾਂ ਤੋਂ ਪੁੱਛਣਾ ਪਵੇਗਾ।

ਕਰਮਾ : ਕਿਉਂ ?

ਕਾਕੂ : ਅੱਜ ਕਲ੍ਹ ਲੋਹੇ ਦਾ ਹੀ ਕੰਮ ਐ। ਜੰਗ ਲਗੀ ਹੋਈ ਐ। ਲੋਹੇ ਦੀਆਂ ਬੰਦੂਕਾਂ ਬਣਦੀਆਂ ਨੇ, ਤੋਪਾਂ ਬਣਦੀਆਂ ਨੇ, ਤਲਵਾਰਾਂ ਬਣਦੀਆਂ ਨੇ।

(ਕਾਕੂ ਫਾਲਾ ਠੋਕਦਾ ਹੈ)।

ਕਰਮਾ : ਤੈਨੂੰ ਪਤੈ ਬਿਸ਼ਨੇ ਨੇ ਧੀ ਦੇ ਵਿਆਹ ਉੱਤੇ ਅੰਨ੍ਹਾ ਖ਼ਰਚ ਕੀਤਾ। ਪਰ ਪੰਦਰਾਂ ਦਿਨਾਂ ਪਿਛੋਂ ਹੀ ਕੁੜੀ ਦੇ ਸਹੁਰਿਆਂ ਨੇ ਟੂਮ ਛੱਲਾ ਲਹਾ ਕੇ ਉਸ ਨੂੰ ਪੇਕੀਂ ਤੋਰ ਦਿਤਾ।

ਬਾਰੂ : ਆਖਦੇ ਸਨ ਦਾਜ ਥੋੜ੍ਹਾ ਲਿਆਂਦਾ।

ਕਰਮਾ : ਭਾਈ, ਅੰਤਾਂ ਦੇ ਗਹਿਣੇ ਕੱਪੜੇ ਦਿਤੇ ਸਨ ਮਾਪਿਆਂ ਨੇ। ਪਰ ਸੁਣਦੇ ਹਾਂ ਮੁੰਡੇ ਵਿਚ ਹੀ ਨੁਕਸ ਸੀ। ਕੁੜੀ ਨੂੰ ਪਹਿਲੀ ਰਾਤ ਹੀ ਪਤਾ ਲਗ ਗਿਆ।

ਤਲੋਕਾ : ਲੋਕ ਹਮੇਸ਼ਾਂ ਤੀਵੀਂ ਵਿਚ ਹੀ ਨੁਕਸ ਕਢਦੇ ਨੇ। ਲੱਭੂ ਸੁਨਿਆਰ ਨੇ ਤਿੰਨ

Scanned by CamScanner

ਵਿਆਹ ਕੀਤੇ। ਪੁੱਤ ਨੂੰ ਤਰਸਦਾ ਰਿਹਾ। ਜਦੋਂ ਵੱਡੇ ਡਾਕਟਰ ਕੋਲ ਗਿਆ ਤਾਂ ਪਤਾ ਲਗਾ ਕਿ ਲੱਭੂ ਹੀ ਨਾਮਰਦ ਸੀ।

ਕਾਕੂ : ਓਏ ਕਮਲਿਓ! ਜੇ ਮੁੰਡਾ ਖੇਤ ਵਿਚ ਹਲ ਚਲਾਉਂਦਾ ਹੋਵੇ ਜਾਂ ਅਹਿਰਨ ਉੱਤੇ ਲੋਹਾ ਕੁਟਦਾ ਹੋਵੇ ਤਾਂ ਉਸ ਵਿਚ ਕੋਈ ਨੁਕਸ ਨਹੀਂ ਪੈਂਦਾ। ਉਹਨਾਂ ਦੀ ਕੁੜੀ ਦੇ ਚਾਲੇ ਹੀ ਨਹੀਂ ਸਨ ਚੰਗੇ।

ਬਾਰੂ : ਪਰ ਬਿਸ਼ਨੇ ਦੇ ਕੁੜਮ ਰੁਪਈਏ ਦੇ ਭੁੱਖੇ ਸਨ। ਨੂੰਹ ਨੂੰ ਧੱਕੇ ਦੇ ਕੇ ਮਾਪਿਆਂ ਦੇ ਘਰ ਤੋਰ ਦਿਤਾ ਕਿ ਇਹ ਬਦਚਲਨ ਐ। ਹੁਣ ਉਹ ਰਾਤ ਨੂੰ ਵਿਹੜੇ ਵਿਚ ਕੂਕਾਂ ਮਾਰਦੀ ਹੈ — ਮੈਂ ਕੁਆਰੀ ਆਂ ਵੇ ਲੋਕੋ। ਮੈਂ ਕੁਆਰੀ ਆਂ!

ਕਾਕੂ : ਐਵੇਂ ਪਾਖੰਡ ਕਰਦੀ ਹੈ। ਇਹੋ ਜਿਹੀ ਧੀ ਬਾਪ ਦੀ ਮਿੱਟੀ ਪੱਟਣ ਲਈ ਹੀ ਜੰਮਦੀ ਹੈ। (ਹਲ ਦਾ ਫਾਲਾ ਠੋਕ ਕੇ) ਲੈ ਬਈ ਤੇਰਾ ਹਲ ਤਿਆਰ ਐ, ਤਲੋਕਿਆ।

(ਤਿੰਨੇ ਜਾਂਦੇ ਹਨ।)

(ਹਾਕ ਮਾਰ ਕੇ) ਦੀਵਾ ਬਾਲ ਲਿਆਵੀਂ! ਕੁਵੇਲਾ ਹੋ ਗਿਆ।

(ਸੰਤੀ ਦੀਵਾ ਬਾਲ ਕੇ ਲਿਆਉਂਦੀ ਹੈ। ਕਾਕੂ ਫਾਲਾ ਕੁੱਟਦਾ ਹੈ।)

ਸੰਤੀ : ਰੋਟੀ ਖਾ ਲੈ, ਸਵੇਰ ਦਾ ਘਰੋਂ ਨਿਕਲਿਆ ਹੋਇਆ ਸੈਂ। ਰੋਟੀ ਠੰਢੀ ਹੋ ਜਾਊ।

ਕਾਕੂ : ਜੇ ਲੋਹਾ ਠੰਢਾ ਹੋ ਜਾਵੇ ਤਾਂ ਮਾੜਾ। ਇਸ ਵੇਲੇ ਫਾਲੇ ਲਾਲ ਸੂਹੇ ਹੋਏ ਪਏ ਨੇ, ਇਹਨਾਂ ਨੂੰ ਚੰਡਣਾ ਚਾਹੀਦੈ। ਬਸ ਤਿੰਨ ਕੁ ਹੋਰ ਰਹਿੰਦੇ ਨੇ। ਕਿਥੈ ਐ ਮੇਰੀ ਛੈਣੀ ?

ਦੀਪਾ : ਪਤਾ ਨਹੀਂ।

ਕਾਕੂ : ਛੈਣੀ ਕਿਥੇ ਐ ਬੈਣੋਂ ਦੀ ਮਾਂ ?

ਸੰਤੀ : ਏਥੇ ਈ ਕਿਤੇ ਰਖੀ ਹੋਣੀ ਐ ਬੈਣੋਂ ਨੇ।

ਕਾਕੂ : ਉਹ ਕੀ ਕਰਦੀ ਸੀ ਛੈਣੀ ਨਾਲ ?

ਸੰਤੀ : ਐਥੇ ਈ ਕਿਤੇ ਹੋਊ।

ਕਾਕੂ : ਤੂੰ ਲਭ ਦੇਹ।

ਸੰਤੀ : ਉਹੀ ਆ ਕੇ ਲੱਭ ਦੇਊ।

ਕਾਕੂ : ਕਿਥੈ ਐ ਉਹ ?

ਸੰਤੀ : ਗਾਂ ਦੀ ਧਾਰ ਕਢਣ ਗਈ ਐ।

ਕਾਕੂ : ਇਕੱਲੀ ?

ਸੰਤੀ : ਹਾਂ।

ਕਾਕੂ : ਤੈਨੂੰ ਐਨੀ ਵਾਰ ਆਖਿਐ ਕਿ ਉਸ ਨੂੰ ਵਾੜੇ ਵਿਚ ਦੁੱਧ ਚੋਣ ਇਕੱਲੀ ਨਾ ਭੇਜਿਆ ਕਰ।

ਸੰਤੀ : ਹੁਣੇ ਆ ਜਾਂਦੀ ਐ।

ਕਾਕੂ : ਤੂੰ ਆਪ ਕਿਉਂ ਨਾ ਗਈ ?

ਸੰਤੀ : ਮੈਂ ਇਕੱਲੀ ਕਿਧਰ ਕਿਧਰ ਜਾਵਾਂ ? ਟੋਭੇ ਉੱਤੇ ਕਪੜੇ ਧੋਣ ਗਈ, ਭਾਂਡੇ ਮਾਂਜੇ, ਰੋਟੀਆਂ ਥੱਪੀਆਂ ਤੇ ਭੱਠੀ ਧੁਖਾਈ!

ਕਾਕੂ : ਰੋਟੀਆਂ ਠਹਿਰ ਕੇ ਥੱਪ ਲੈਂਦੀ ਜਾਂ ਉਸ ਨੂੰ ਆਖਦੀ ਉਹ ਪਕਾ ਲੈਂਦੀ। ਕਿੰਨਾ ਚਿਰ ਹੋ ਗਿਆ ਉਸ ਨੂੰ ਗਈ ਨੂੰ ?

ਦੀਪਾ : ਕਦੇ ਦੀ ਗਈ ਐ ਬਾਪੂ। ਮੈਂ ਜਾਵਾਂ ?

Scanned by CamScanner

ਕਾਕੂ : ਜਾਹ, ਤੇ ਬੁਲਾ ਲਿਆ ਉਸ ਨੂੰ!

(ਦੀਪਾ ਦੌੜ ਜਾਂਦਾ ਹੈ।)

ਹੁਣ ਉਹ ਨਿਆਣੀ ਨਹੀਂ, ਮੁਟਿਆਰ ਹੋ ਗਈ ਐ। ਉਸ ਨੂੰ ਨਿਗਾਹ ਹੇਠ ਰਖਿਆ ਕਰ।

ਸੰਤੀ : ਉਹ ਜਾਂਦੀ ਵੀ ਕਿਥੇ ਐ ? ਬਸ ਘਰ ਦਾ ਕੰਮ ਕਰਦੀ ਐ।

ਕਾਕੂ : ਹਾਂ ਹਾਂ, ਘਰ ਦਾ ਕੰਮ ਘਰ ਬਹਿ ਕੇ ਕਰੇ।

ਸੰਤੀ : ਮੈਂ ਰੋਟੀਆਂ ਥੱਪ ਕੇ ਭੱਠੀ ਤਪਾ ਰਹੀ ਸਾਂ, ਧਾਰ ਕੱਢਣ ਕੌਣ ਜਾਂਦਾ ? ਇਹ ਮਾਰ-ਖੁੰਡੀ ਗਾਂ ਕਿਸੇ ਹੋਰ ਨੂੰ ਨੇੜੇ ਵੀ ਤਾਂ ਨਹੀਂ ਆਉਣ ਦੇਂਦੀ। ਉਸ ਦਿਨ ਦੁੱਧ ਚੋਣ ਗਈ ਤਾਂ ਉਸ ਨੇ ਮੇਰੇ ਛੜ ਮਾਰੀ। ਹੁਣ ਤੀਕ ਛਾਤੀ ਦੁਖਦੀ ਐ। ਉਹ ਬੈਣੋ ਦੇ ਹੱਥ ਪਈ ਹੋਈ ਐ। ਉਹੋ ਉਸ ਦੀ ਧਾਰ ਕੱਢੇ ਤਾਂ ਕੱਢੇ।

ਕਾਕੂ : ਭੁੱਲ ਗਈ ? ਵਾੜੇ ਵਿਚ ਸਰਬਣ ਨਾਲ ਗੱਲ ਕਰਦੀ ਦੇਖੀ ਗਈ ਸੀ। ਦੀਵੇ ਬਲ ਉਠੇ ਸਨ। ਬਣਸੋ ਨੇ ਦੇਖਿਆ ਕਿ ਬੈਣੋ ਸਰਬਣ ਦੇ ਮੂੰਹ ਵਿਚ ਗਾਂ ਦੇ ਦੁੱਧ ਦੀਆਂ ਧਾਰਾਂ ਮਾਰ ਰਹੀ ਸੀ। ਸਾਰੇ ਪਿੰਡ ਵਿਚ ਗੱਲ ਉਡ ਗਈ।

ਸੰਤੀ : ਲੋਕਾਂ ਦੀ ਕੋਈ ਜੀਭ ਫੜੀ ਜਾਂਦੀ ਹੈ ? ਖੰਭਾਂ ਦੀਆਂ ਡਾਰਾਂ ਬਣਾਉਂਦੀਆਂ ਨੇ ਇਸ ਪਿੰਡ ਦੀਆਂ ਤੀਵੀਆਂ। ਮੈਂ ਜਾਣਦੀ ਆਂ ਆਪਣੀ ਧੀ ਨੂੰ, ਕੋਈ ਐਬ ਨਹੀਂ ਉਸ ਵਿਚ।

ਕਾਕੂ : ਤੇਰੀ ਤਾਂ ਮੱਤ ਮਾਰੀ ਹੋਈ ਐ। ਮਸਾਂ ਮਸਾਂ ਸਾਕ ਟੋਲਿਐ ਉਸ ਲਈ। ਕੋਈ ਘੋੜੀ ਮੰਗਦਾ ਸੀ, ਕੋਈ ਜੋੜੀ। ਇਹ ਤਾਂ ਉਹਦੇ ਕਰਮ ਚੰਗੇ ਸਨ ਕਿ ਮੌੜਾਂ ਵਾਲਿਆਂ ਨੇ ਸਾਕ ਲੈ ਲਿਆ।

ਸੰਤੀ : ਮੁੰਡਾ ਦੇਖਿਆ ਏ ਕਿ ਸੁਣੀ ਸੁਣਾਈ ਉੱਤੇ ਆਫਰਿਆ ਫਿਰਦੈਂ ?

ਕਾਕੂ : ਮੈਂ ਆਪ ਦੇਖ ਕੇ ਆਇਆਂ। ਸਾਰੇ ਇਲਾਕੇ ਵਿਚ ਲੁਹਾਰਾ ਕੰਮ ਅੱਵਲ ਐ। ਮੁੰਡਾ ਬੜਾ ਤਗੜਾ। ਪੰਦਰਾਂ ਪੰਦਰਾਂ ਘੰਟੇ ਕੰਮ ਕਰਦਾ ਨਹੀਂ ਥਕਦਾ, ਜਿਵੇ ਲੋਹੇ ਦਾ ਬਣਿਆ ਹੋਵੇ।

ਸੰਤੀ : ਫੱਤੋ ਘੁਮਿਆਰੀ ਕਹਿੰਦੀ ਸੀ ਕਿ ਮੁੰਡਾ ਕਾਲਾ-ਧੂਤ ਐ।

ਕਾਕੂ : ਹੂੰਹ! ਏਸ ਲਈ ਕੋਈ ਤਸੀਲਦਾਰ ਸਾਹਿਬ ਕਿਥੋਂ ਭਾਲ ਲਿਆਵਾਂ। ਨੀ ਇਹ ਤਾਂ ਵੇਹਲਿਆਂ ਦੀਆਂ ਗੱਲਾਂ ਨੇ—ਅੰਗ ਪੈਰ ਹਿਲਾਉਣਾ ਨਹੀਂ, ਦੇਹ ਨੇ ਛੇਕੜ ਪੀਲਾ ਹੀ ਹੋਣਾ ਹੋਇਆ। ਅੱਗੇ ਤੋਂ ਯਾਦ ਰਖੀਂ, ਉਸ ਨੂੰ ਰਾਤ ਵੇਲੇ ਵਾੜੇ ਵਿਚ ਨਾ ਭੇਜੀਂ। ਜੇ ਉਹਦੇ ਸਹੁਰੀਂ ਇਸ ਗੱਲ ਦੀ ਸੂਹ ਵੀ ਪੈ ਗਈ ਤਾਂ ਉਹਨਾਂ ਨੇ ਸਾਕ ਛਡ ਦੇਣਾ ਐ।

ਸੰਤੀ : ਤੈਨੂੰ ਤਾਂ ਐਵੇਂ ਕਵੱਲੀਆਂ ਸੁਝਦੀਆਂ ਨੇ। ਮੈਂ ਉਸ ਦਿਨ ਪੁਛਿਆ ਤਾਂ ਉਸ ਨੇ ਗਊ ਦੀ ਪੂਛ ਫੜ ਕੇ ਸਹੁੰ ਖਾਧੀ ਸੀ।

ਕਾਕੂ : ਜਾ ਕੇ ਦੇਖਦਾ ਆਂ ਕੀ ਕਰਦੀ ਐ ਉਥੇ। ਐਨਾ ਚਿਰ ਹੋ ਗਿਆ। ਨਜ਼ਾਮ ਸੱਕੇ ਦੀ ਘੋੜੀ ਦੋ ਫੇਰੇ ਲਾ ਕੇ ਆ ਗਈ। ਸੋਧਾਂ ਬੱਕਰੀ ਚਾਰ ਕੇ ਮੁੜ ਆਈ। ਤੰਦੂਰ ਤੋਂ ਸਾਰੀਆਂ ਤੀਵੀਆਂ ਰੋਟੀਆਂ ਪਕਾ ਕੇ ਚਲੀਆਂ ਗਈਆਂ। ਤੇ ਉਹ ਹੁਣ ਤੀਕ ਨਹੀਂ ਆਈ। ਜਿਥੇ ਜਾਂਦੀ ਐ ਛਪਰੀਆਂ ਪਾ ਕੇ ਬਹਿ ਜਾਂਦੀ ਐ।

(ਦੀਪਾ ਦੌੜਦਾ ਆਉਂਦਾ ਹੈ।)

ਦੀਪਾ : ਬਾਪੂ!

Scanned by CamScanner

ਕਾਕੂ : ਕੀ ?
ਦੀਪਾ : ਬੈਣੋਂ ਵਾੜੇ ਵਿਚ ਨਹੀਂ। ਮੈਂ ਸਾਰੇ ਦੇਖਿਆ। ਖੁਰਲੀ ਉੱਤੇ ਦੁੱਧ ਦਾ ਦੋਹਣਾ ਪਿਆ ਸੀ ਤੇ ਉਹ ਆਪ ਉਥੇ ਨਹੀਂ ਸੀ।
ਕਾਕੂ : ਚੰਦਰੀ ਔਲਾਦ! ਘਰ ਦੀ ਇੱਜ਼ਤ ਉੱਤੇ ਕਲੰਕ। ਤੂੰ ਬੈਠ ਇਥੇ। ਮੈਂ ਜਾਨੈ ਤੇ ਲਿਆਉਂਦਾ ਹਾਂ ਉਸ ਨੂੰ।

(ਬੈਣੋਂ ਦੁੱਧ ਦਾ ਦੋਹਣਾ ਚੁੱਕੀਂ ਆਉਂਦੀ ਹੈ ਤੇ ਅੰਦਰ ਜਾਣ ਲਗਦੀ ਹੈ।)

ਕਾਕੂ : ਬੈਣੋਂ!
ਬੈਣੋਂ : ਕੀ ?
ਕਾਕੂ : ਕਿਥੇ ਗਈ ਸੈਂ ?
ਬੈਣੋਂ : ਧਾਰ ਕੱਢਣ।
ਕਾਕੂ : ਵਾੜੇ ਵਿਚ ਨਹੀਂ ਸੈਂ ਤੂੰ।
ਬੈਣੋਂ : ਮੈਂ ਉਥੇ ਹੀ ਸਾਂ। ਦੇਖ ਦੁੱਧ ਦਾ ਦੋਹਣਾ। ਹਾਲੇ ਤਾਂ ਝੱਗ ਵੀ ਨਹੀਂ ਬੈਠੀ।
ਕਾਕੂ : ਜਾਣਦੈਂ ਤੇਰੇ ਚਾਲੇ।
ਬੈਣੋਂ : ਮੈਂ ਵਾੜੇ ਵਿਚ ਹੀ ਸਾਂ। ਕਿੱਲੇ ਨਾਲੋਂ ਵੱਛਾ ਛਡਿਆ ਤਾਂ ਉਸ ਨੇ ਢੁੱਡਾ ਮਾਰ ਕੇ ਗਾਂ ਨੂੰ ਪਸਮਾ ਲਿਆ ਤੇ ਦੁੱਧ ਚੁੰਘਣ ਲੱਗਾ। ਮੈਂ ਨਿਆਣਾ ਪਾ ਕੇ ਉਸ ਦੇ ਥਣ ਧੋਤੇ। ਵੱਛੇ ਨੂੰ ਧੂਹ ਕੇ ਕਿੱਲੇ ਨਾਲ ਬੰਨ੍ਹਿਆ ਤੇ ਦੁੱਧ ਚੋਣ ਬੈਠ ਗਈ।
ਕਾਕੂ : ਤੇਰੇ ਪਿਛੇ ਦੀਪੇ ਨੂੰ ਭੇਜਿਆ, ਪਰ ਤੂੰ ਉਥੇ ਨਹੀਂ ਸੈਂ।
ਬੈਣੋਂ : ਮੈਨੂੰ ਪਤਾ ਨਹੀਂ ਸੀ ਕਿ ਦੁੱਧ ਚੋਣ ਲੱਗੇ ਜੇ ਰਤਾ ਚਿਰ ਹੋ ਗਿਆ ਤਾਂ ਘਰ ਵਿਚ ਧਮੱਚੜ ਮੱਚ ਜਾਊ। ਮਗਰੇ ਮੁੰਡਾ ਭਜਾ ਦਿਤਾ, ਜਿਵੇਂ ਮੈਂ ਚੋਰ ਹੁੰਨੀ ਆਂ।
ਦੀਪਾ : ਮੈਂ ਇਸ ਨੂੰ ਸਾਰੇ ਦੇਖਿਆ—
ਕਾਕੂ : ਮੈਨੂੰ ਪਤੈ ਜਿਥੇ ਗਈ ਸੈਂ। ਮਿਲਣ ਗਈ ਸੈਂ ਉਸ ਧਗੜੇ ਨੂੰ ਕੰਧ ਟੱਪ ਕੇ। ਘਰ ਤਾਂ ਜਿਵੇਂ ਤੈਨੂੰ ਸੱਪ ਲੜਦੈ।
ਬੈਣੋਂ : ਬਾਪੂ!
ਕਾਕੂ : ਕਮਜ਼ਾਤੇ! ਕਿਸੇ ਨਾ ਕਿਸੇ ਪੱਜ ਬਾਹਰ ਟਿਭੀ ਰਹਿਨੀ ਐਂ—ਕਦੇ ਛੋਪੇ ਕੱਤਣ, ਕਦੇ ਗਿੱਧਾ ਪਾਉਣ, ਕਦੇ ਟੋਭੇ ਉੱਤੇ ਕਪੜੇ ਧੋਣ। ਕੋਈ ਨਾ ਕੋਈ ਬਹਾਨਾ ਚਾਹੀਦੈ ਤੈਨੂੰ। ਬਾਜ ਨਹੀਂ ਆਉਂਦੀ ਮਿਲਣੋਂ ਉਸ ਬਦਮਾਸ਼ ਨੂੰ ?
ਬੈਣੋਂ : ਤੈਨੂੰ ਪਿੰਡ ਦਾ ਹਰ ਗਭਰੂ ਬਦਮਾਸ਼ ਲਗਦੈ। ਹਰ ਵੇਲੇ ਸ਼ੱਕ, ਹਰ ਵੇਲੇ ਅੱਖਾਂ ਵਿਚ ਲਹੂ।
ਕਾਕੂ : ਐਨੀ ਵਾਰ ਵਰਜਿਆ ਏ ਤੈਨੂੰ।

(ਬੈਣੋਂ ਅੰਦਰ ਜਾਣ ਲਗਦੀ ਹੈ।)

ਬੈਣੋਂ : ਛਡ ਮੈਨੂੰ!
ਕਾਕੂ : ਜੇ ਕੱਲ੍ਹ ਤੋਂ ਦੁੱਧ ਚੋਣ ਗਈ ਤਾ ਟੰਗਾਂ ਭੰਨ ਦੇਊਂ।
ਬੈਣੋਂ : ਛੱਡ!
ਕਾਕੂ : ਤੇਰੇ ਇਹ ਚਾਲੇ ਕਿਸੇ ਦਿਨ ਸਾਨੂੰ ਲੈ ਡੁੱਬਣਗੇ। ਛੇਕੜਲੇ ਵੇਲੇ ਤੂੰ ਮੇਰੀ ਦਾਹੜੀ ਵਿਚ ਖੇਹ ਈ ਪਾਉਣੀ ਐ। ਹੋਰ ਕੀ। ਤੇ ਏਧਰ ਮੈਂ ਇਹਦੇ ਲਈ ਵਰ ਟੋਲਦਾ ਫਿਰਦਾ ਆਂ। ਐਡਾ ਤਗੜਾ ਲੁਹਾਰਾ ਕੰਮ ਐ ਉਸ ਮੁੰਡੇ ਦਾ।

Scanned by CamScanner

ਬੈਣੋ : ਹਾਂ ਲੁਹਾਰਾ! ਏਸੇ ਲਈ ਮੇਰਾ ਜੀਅ ਉਸ ਤੋਂ ਨਫ਼ਰਤ ਖਾਂਦਾ ਏ!
ਕਾਕੂ : ਤੇਰੀ ਸੁਰਤ ਟਿਕਾਣੇ ਹੈ ਕਿ ਨਹੀਂ ?
ਬੈਣੋ : ਨਹੀਂ।
ਕਾਕੂ : ਕੀ ਆਖਿਆ ?
ਬੈਣੋ : ਨਹੀਂ, ਮੇਰੀ ਸੁਰਤ ਟਿਕਾਣੇ ਨਹੀਂ! ਮੈਂ ਰੋਜ਼ ਦਾ ਇਹ ਝੂਠ ਮੁਕਾ ਦਿਆਂਗੀ।
ਕਾਕੂ : ਕੌਣ ਮਾਰਦਾ ਏ ਝੂਠ ?
ਬੈਣੋ : ਮੈਂ!
ਕਾਕੂ : ਕੀ ?
ਬੈਣੋ : ਮੈਂ ਮਾਰਿਆ ਸੀ ਝੂਠ। ਮੈਂ ਇਹ ਗੱਲ ਲੁਕਾਉਂਦੀ ਰਹੀ। ਪਰ ਅੱਜ ਇਸ ਦਾ ਨਿਤਾਰਾ ਕਰ ਕੇ ਹਟੂੰ। ਮੈਂ ਉਸੇ ਨੂੰ ਮਿਲਣ ਗਈ ਸਾਂ —
ਕਾਕੂ : ਤੂੰ ਮੇਰੀ ਧੀ ਨਹੀਂ ਕਿਸੇ ਬੇਈਮਾਨ ਦੀ ਜਣੀ ਏਂ! ਦੇਖਦੀ ਕੀ ਏਂ! ਸੁਣਦੀ ਨਹੀਂ ?
ਬੈਣੋ : ਨਹੀਂ।
ਕਾਕੂ : ਕੀ ?
ਬੈਣੋ : ਮੈਂ ਕੁਝ ਨਹੀਂ ਸੁਣਿਆ। ਮੇਰੀ ਸੰਘੀ ਘੁੱਟ ਦਿਉ। ਮੈਨੂੰ ਵਢ ਦਿਉ —
ਕਾਕੂ : ਤੂੰ ਇਹ ਲੱਛਣ ਛਡ ਦੇਹ ਕੁਪੱਤੀਏ। ਏਸ ਤਰ੍ਹਾਂ —
ਬੈਣੋ : ਹਾਂ ਏਸ ਤਰ੍ਹਾਂ . . . ਮੈਂ ਨਹੀਂ ਰਹਿਣਾ! ਨਹੀਂ!! ਨਹੀਂ!!! ਸੌ ਵਾਰੀ ਨਹੀਂ!!!!
ਕਾਕੂ : (ਉਸ ਦੀ ਬਾਂਹ ਮਰੋੜ ਕੇ) ਮਿਲੇਂਗੀ ਉਸ ਨੂੰ ? ਮਿਲੇਂਗੀ ? ਮਿਲੇਂਗੀ ?
ਬੈਣੋ : ਨਹੀਂ। ਛੱਡ. . .ਨਹੀਂ. . .ਛੱਡ!

(ਸੰਤੀ ਦੌੜ ਕੇ ਆਉਂਦੀ ਹੈ।)

ਸੰਤੀ : ਕਿਉਂ ਘੁਲਣ ਲਗਿਐਂ ਕੁੜੀ ਨਾਲ ? ਛੱਡ ਮੇਰੀ ਧੀ ਨੂੰ।
ਕਾਕੂ : ਜਦੋਂ ਮੈਂ ਇਸ ਨੂੰ ਸਾਹਮਣੇ ਬੋਲਦੀ ਦੇਖਦਾ ਆਂ, ਤਾਂ ਮੈਨੂੰ ਅੱਗ ਲਗ ਜਾਂਦੀ ਐ। ਲੈ ਜਾ ਇਸ ਬੇਹਯਾ ਨੂੰ ਅੰਦਰ।

(ਬੈਣੋ ਅੰਦਰ ਜਾਂਦੀ ਹੈ।)

ਸੰਤੀ : ਕਿਉਂ ਲੋਹਾ ਲਾਖਾ ਹੋਣ ਲਗਿਐਂ ? ਜੁਆਨ ਧੀ ਉੱਤੇ ਹੱਥ ਚੁੱਕਦੇ ਨੂੰ ਸਾਰਾ ਜਗ ਦੇਖਦਾ ਏ।
ਕਾਕੂ : ਦੇਖਣ ਦੇ। ਮੈਨੂੰ ਕਿਸੇ ਦੀ ਧੌਂਸ ਏ ? ਮੈਂ ਪਿੰਡ ਵਿਚ ਸਿਰ ਨੀਵਾਂ ਕਰ ਕੇ ਨਹੀਂ ਤੁਰਨਾ। ਮੈਂ ਤਾਂ ਸਿਧੀ ਸਰੰਗ ਕਰ ਦਊਂ। ਦੂਰ ਹੋ ਜਾਹ ਮੇਰੀਆਂ ਅੱਖਾਂ ਤੋਂ। (ਬੈਣੋ ਅੱਥਰੂ ਪੂੰਝਦੀ ਅੰਦਰ ਜਾਂਦੀ ਹੈ।) ਇਸ ਨੇ ਮੇਰਾ ਰੋਹ ਹਾਲੇ ਦੇਖਿਆ ਨਹੀਂ। ਜੇ ਕਦੇ ਕੁਸਕ ਵੀ ਜਾਏ। ਤੇਰੀ ਸਿਰ ਚੜ੍ਹਾਈ ਹੋਈ ਐ। ਤੂੰ ਇਸ ਦੀ ਹਮਾਇਤ ਕਰਦੀ ਐਂ। ਨਿਆਣੀ ਏ ਕੀ ਹੋਇਆ, ਟੋਭੇ ਤੇ ਕਪੜੇ ਧੋਣ ਚਲੀ ਗਈ ਤਾਂ ਕੀ ਹੋਇਆ, ਵਾੜੇ 'ਚ ਧਾਰ ਕੱਢਣ ਲਈ ਗਈ ਤਾਂ ਕੀ ਹੋਇਆ। ਦੇਖਦੀ ਐਂ ਹੁਣ ਏਸ 'ਤਾਂ ਕੀ ਹੋਇਆ' ਨੂੰ।
ਸੰਤੀ : ਤੂੰ ਉਸ ਉਤੇ ਹੱਥ ਚੁਕਿਆ ਤਾਂ ਹੀ ਉਹ ਮੁਹਰੇ ਬੋਲਦੀ ਐ। ਜੁਆਨ ਧੀ ਪੁੱਤ ਨੂੰ ਅੰਦਰ ਵੜ ਕੇ ਸਮਝਾਈਦੈ।
ਕਾਕੂ : ਉਹ ਸਮਝੇ ਵੀ। ਜੇ ਮੇਰੀ ਧੀ ਹੁੰਦੀ ਤਾਂ ਮਜਾਲ ਐ ਕਿਸੇ ਵੱਲ ਝਾਕ ਜਾਂਦੀ।
ਸੰਤੀ : ਉਹ ਤੇਰੀ ਧੀ ਐ ਇਸੇ ਕਰ ਕੇ ਅੜਬ ਐ।

Scanned by CamScanner

ਕਾਕੂ : ਤੇਰੇ ਉੱਤੇ ਗਈ ਐ। ਚੰਗੀ ਭਲੀ ਸੀ। ਘਰ ਦਾ ਕੰਮ ਕਰਦੀ। ਅੱਖ ਦੀ ਸ਼ਰਮ ਮੰਨਦੀ। ਪਰ ਇਕ ਦਮ ਉਸ ਨੇ ਸਾਰੀ ਸ਼ਰਮ ਲਾਹ ਸੁੱਟੀ। ਚੰਦਰੀ ਔਲਾਦ! ਕੋਈ ਗੱਲ ਠੀਕ ਨਹੀਂ, ਕੋਈ ਤੌਰ ਠੀਕ ਨਹੀਂ। ਤੇ ਠੀਕ ਹੋਵੇ ਵੀ ਕਿਵੇਂ ? ਤੂੰ ਕਿਹੜਾ ਠੀਕ ਸੈਂ। ਏਸ ਘਰ ਵਿਚ ਆਉਣ ਪਿਛੋਂ ਸਾਲ ਭਰ ਨਹੀਂ ਸੀ ਬੋਲੀ ਮੇਰੇ ਨਾਲ।

ਸੰਤੀ : ਕਿਉਂ ਪੁਰਾਣੀਆਂ ਗੱਲਾਂ ਛੇੜਦਾ ਐਂ।

ਕਾਕੂ : ਪੰਜ ਸਾਲ ਲੱਗੇ ਸਨ ਤੈਨੂੰ. . .ਸ਼ਾਇਦ ਸੱਤ ਸਾਲ, ਤਾਂ ਜਾ ਕੇ ਕਿਤੇ ਸਿਧੇ ਮੂੰਹ ਗੱਲ ਕੀਤੀ ਤੂੰ ਮੇਰੇ ਨਾਲ। ਮੈਂ ਤੇਰੀ ਹਰ ਖ਼ਾਤਰ ਕੀਤੀ, ਪਰ ਤੂੰ ਸਦਾ ਆਪਣੇ ਪੇਕਿਆਂ ਦੀ ਹੀ ਬਣੀ ਰਹੀ। ਗੱਲ ਕਰਨ ਲਈ ਆਖਦਾ ਤਾਂ ਚੁਪ ਹੋ ਜਾਂਦੀ. . .ਕਿਸੇ ਟੂਣੇ ਕੀਤੇ ਪੁਤਲੇ ਵਾਂਗ। ਤੂੰ ਇਸ ਘਰ ਵਿਚ ਬੇਗਾਨਿਆਂ ਵਾਂਗ ਰਹੀ।

ਸੰਤੀ : ਉਹਨਾਂ ਦਿਨਾਂ ਦੇ ਮੇਹਣੇ ਨਾਂ ਦੇਹ, ਮੇਰੇ ਕਾਲਜੇ ਨੂੰ ਅੱਗ ਲੱਗ ਜਾਂਦੀ ਐ।

(ਬਾਹਰੋਂ ਆਵਾਜ਼)

ਆਵਾਜ਼ : ਕਾਕੂ ਘਰ ਹੈਂ ? ਕਾਕੂ!

(ਕਾਕੂ ਬਾਹਰ ਆਉਂਦਾ ਹੈ)

ਕਾਕੂ : (ਝਾਕ ਕੇ) ਕੀ ਗੱਲ ਹੈ ਹਵਾਲਦਾਰ ਜੀ ?

ਸਿਪਾਹੀ : ਡਾਕ ਬੰਗਲੇ ਵਿਚ ਥਾਣੇਦਾਰ ਸਾਹਿਬ ਉਤਰੇ ਨੇ।

ਕਾਕੂ : ਹੁਕਮ।

ਸਿਪਾਹੀ : ਉਹਨਾਂ ਦੀ ਘੋੜੀ ਦੇ ਨਾਅਲ ਲੱਥ ਗਏ ਨੇ। ਤੜਕੇ ਉਹਨਾਂ ਨੇ ਦੌਰੇ ਤੇ ਜਾਣਾ ਹੈ। ਮੇਰੇ ਨਾਲ ਚੱਲ।

ਕਾਕੂ : ਤੁਸੀਂ ਘੋੜੀ ਨੂੰ ਇਥੇ ਹੀ ਲੈ ਆਉਣਾ ਸੀ। ਇਥੇ ਭੱਠੀ ਭੱਖੀ ਹੋਈ ਐ। ਸਭ ਸੰਦ ਇਥੇ ਨੇ। ਤੁਸੀਂ ਦੇਖਦੇ ਨਹੀਂ ਉਤੋਂ ਰਾਤ ਉਤਰ ਪਈ ਐ। ਮੈਂ ਉਥੇ ਭੱਠੀ ਕਿਵੇਂ ਭੁਖਾਵਾਂਗਾ ?

ਸਿਪਾਹੀ : ਮੈਨੂੰ ਹੁਕਮ ਐ ਤੈਨੂੰ ਬੁਲਾ ਕੇ ਲਿਆਵਾਂ।

(ਸਿਪਾਹੀ ਨਾਲ ਕਾਕੂ ਜਾਂਦਾ ਹੈ।)

ਸੰਤੀ : ਕਿੰਨੀ ਵਾਰ ਸਮਝਾਇਆ ਕਿ ਆਪਣੇ ਬਾਪੂ ਦੇ ਸਾਹਮਣੇ ਨਾ ਬੋਲਿਆ ਕਰ। ਪਰ ਤੇਰਾ ਮੱਥਾ ਗਰਮ ਹੀ ਰਹਿੰਦਾ ਐ। ਚੁੱਪ ਕਿਉਂ ਐਂ ? ਬੋਲ ? ਕੁਝ ਤਾਂ ਬੋਲ। ਆਪਣੀ ਮਾਂ ਨਾਲ ਗੱਲ ਕਰ ਧੀਏ। ਐਨਾ ਗੁੱਸਾ ? ਤੇਰੇ ਭਲੇ ਲਈ ਆਖਦੀ ਹਾਂ। ਆਖ਼ਿਰ ਤੇਰੀ ਮਾਂ ਹਾਂ, ਵੈਰਨ ਤਾਂ ਨਹੀਂ। ਬੋਲ ਤੇਰੀ ਚੁੱਪ ਮੈਨੂੰ ਤੜਪਾ ਰਹੀ ਹੈ। ਕੁਝ ਹੀ ਬੋਲ ਮੇਰੀ ਲਾਡੋ। ਤੇਰੀ ਅੱਲ੍ਹੜ ਉਮਰ ਐ, ਤੈਨੂੰ ਪਤਾ ਨਹੀਂ। ਤੇਰੇ ਸਿਰ ਵਿਚ ਕੀ ਧੂੜ ਦਿਤਾ ਉਸ ਨੇ ? ਕਿਉਂ ਸਾਡੀ ਮਿੱਟੀ ਪੁੱਟਣ ਲੱਗੀ ਐਂ ?

ਬੈਣੋ : ਕੀ ਕਰਾਂ ਮੇਰੀਏ ਮਾਏਂ ? ਮੈਂ ਕਿਸੇ ਹੋਰ ਮਿੱਟੀ ਦੀ ਬਣੀ ਆਂ। ਮੇਰੀਆਂ ਛਾਤੀਆਂ ਵਿਚ ਸੂਰਜ ਤਪਦੇ ਨੇ। ਜੀਅ ਕਰਦੈ ਠੰਢੇ ਦੁੱਧ ਦਾ ਖੂਹ ਪੀ ਜਾਵਾਂ, ਤਾਂ ਜੁ ਠੰਢ ਪਵੇ। ਰਾਤ ਨੂੰ ਮੈਂ ਸੌਂ ਨਹੀਂ ਸਕਦੀ। ਹੇ ਰੱਬਾ! ਮੇਰੇ ਜਿਸਮ ਵਿਚ ਕਿਉਂ ਅੱਗ ਭਰ ਦਿਤੀ ? ਜੀਅ ਕਰਦੈ ਹਨ੍ਹੇਰੀਆਂ ਰਾਤਾਂ ਨੂੰ ਕਾਲੇ ਵਿਹੜੇ ਵਿਚ ਘੁੰਮਦੀ ਫਿਰਾਂ। ਮੁੱਕੀਆਂ ਮਾਰ ਮਾਰ ਕੇ ਭੰਨ ਸੁੱਟਾਂ ਇਸ ਵਿਹੜੇ ਦੀਆਂ ਕੰਧਾਂ ਨੂੰ।

ਸੰਤੀ : ਕਿਉਂ ਟੱਕਰਾਂ ਮਾਰਦੀ ਐਂ ਬੌਂਤਲੇ।
(ਖਿੱਚ ਕੇ ਉਸ ਨੂੰ ਪਰੇ ਕਰਦੀ ਹੈ।)
ਮੈਨੂੰ ਦੇਖ। ਮੈਂ ਵੀ ਇਸ ਘਰ ਦੀ ਪੱਤ ਬਣ ਕੇ ਰਹੀ ਆਂ-ਪੂਰੇ ਅਠਾਰਾਂ ਵਰ੍ਹੇ।

ਬੈਣੋ : ਤੈਨੂੰ ਦੇਖ ਕੇ ਹੀ ਤਾਂ ਮੈਨੂੰ ਡਰ ਆਉਂਦੈ ?

ਸੰਤੀ : ਕੁੜੀ ਨੂੰ ਚਾਹੀਦੈ ਕਿ ਉਹ ਵਿਹੜੇ ਦੇ ਅੰਦਰ ਰਹੇ, ਨਹੀਂ ਤਾਂ ਉਸ ਨੂੰ ਸਰਾਪ ਲਗਦੈ। ਉਹ ਤਬਾਹ ਹੋ ਜਾਂਦੀ ਐ।

ਬੈਣੋ : ਪਰ ਮੈਂ ਕਿਹੜੇ ਖੂਹ ਵਿਚ ਡਿਗਾਂ ? ਜਿਸ ਗਲੀ ਵਿਚੋਂ ਦੀ ਲੰਘਦੀ ਆਂ, ਸੈਂਕੜੇ ਅੱਖਾਂ ਝਾਕਦੀਆਂ ਨੇ। ਕੰਧਾਂ ਵਿਚੋਂ ਖੁੱਲ੍ਹੀਆਂ ਤਾਕੀਆਂ ਵੀ ਮੈਨੂੰ ਘੂਰਦੀਆਂ ਨੇ। ਮੈਂ ਕੀ ਕਰਦੀ ਹਾਂ। ਕੀ ਸੋਚਦੀ ਹਾਂ, ਕਿਥੇ ਜਾਂਦੀ ਹਾਂ—ਸਭ ਕੁਝ ਦੇਖਦੀਆਂ ਨੇ ਲੋਕਾਂ ਦੀਆਂ ਅੱਖਾਂ। ਮੈਂ ਕੈਦੀ ਆਂ ਇਸ ਫੂਕਣੇ ਵੇਹੜੇ ਦੀ!

ਸੰਤੀ : ਬੈਣੋ! ਤੂੰ ਨਿਰੀ ਇਸ ਘਰ ਦੀ ਧੀ ਨਹੀਂ, ਸਾਰੇ ਪਿੰਡ ਦੀ ਧੀ ਐਂ। ਜੇ ਤੂੰ ਪਿੰਡ ਦੀ ਇੱਜ਼ਤ ਪੱਟ ਦਿਤੀ ਤਾਂ ਤੈਨੂੰ ਕਿਸੇ ਨਹੀਂ ਬਖ਼ਸ਼ਣਾ।

ਬੈਣੋ : ਪਿੰਡ ਦੀ ਇੱਜ਼ਤ ਤਾਂ ਰੋਜ਼ ਪੱਟੀ ਜਾਂਦੀ ਐ—ਹਰ ਪਲ, ਹਰ ਘੜੀ। ਨਿਰੇ ਝੂਠ ਦੇ ਦਿਖਾਵੇ ਉਤੇ ਖੜ੍ਹੀ ਐ ਇਹ ਇੱਜ਼ਤ। ਇਥੋਂ ਦੀ ਹਰ ਤੀਵੀਂ ਦੀ ਹਿੱਕ ਵਿਚ ਵੇਗ ਸੁਲਗਦਾ ਐ ਤੇ ਇਸ ਦੀ ਅੱਗ ਵਿਚ ਮੱਚ ਕੇ ਉਹ ਸੁਆਹ ਹੋਈ ਪਈ ਐ।

ਸੰਤੀ : ਪਿੰਡ ਦੀ ਇੱਜ਼ਤ ਪੱਟਣ ਨਾਲੋਂ ਤਾਂ ਤੀਵੀਂ ਜ਼ਹਿਰ ਖਾ ਲਵੇ।

ਬੈਣੋ : ਸਭ ਨੂੰ ਪਤੈ ਪਿੰਡ ਦੀ ਇੱਜ਼ਤ ਦਾ। ਬੁੱਢੀਆਂ, ਜੁਆਨ ਤੇ ਨਿੱਕੀਆਂ ਕੁੜੀਆਂ ਨੂੰ ਜੰਮਦੀਆਂ ਹੀ ਪਤਾ ਹੁੰਦੈ ਕਿ ਹਨ੍ਹੇਰੇ ਵਿਚ ਕੀ ਹੋ ਰਿਹੈ। ਹਰ ਕੋਈ ਦੇਖਦਾ ਐ, ਪਰ ਮੰਨਦਾ ਨਹੀਂ। ਤੀਵੀਆਂ ਵਿਚ ਗੁਪਤ ਸਾਂਝ ਐ, ਗੁੱਝੇ ਭੇਤ ਨੂੰ ਲੁਕਾਉਣ ਦੀ ਸਾਜ਼ਿਸ਼। ਪਰ ਮੈਂ ਇਹ੍ਹ ਬੋਝ ਨਹੀਂ ਝੱਲ ਸਕਦੀ। ਨਹੀਂ ਝੱਲ ਸਕਦੀ ਇਹ ਬੋਝ।

ਬੈਣੋ : (ਹੰਝੂਆਂ ਵਿਚ) ਨਹੀਂ ਮਿਲਾਂਗੀ। ਮੈਂ ਬਹੁਤ ਬੁਰੀ ਹਾਂ। ਬਹੁਤ ਭੈੜੀ। ਮੈਨੂੰ ਮੁਆਫ਼ ਕਰ ਦੇ ਮੇਰੀਏ ਮਾਂਏਂ।

ਸੰਤੀ : ਮੇਰੀ ਸਹੁੰ ਖਾਹ, ਮੇਰੇ ਦੁੱਧ ਦੀ ਸਹੁੰ ਖਾਹ।

ਬੈਣੋ : ਤੇਰੇ ਦੁੱਧ ਦੀ ਸਹੁੰ, ਉਸ ਨੂੰ ਨਹੀਂ ਮਿਲਾਂਗੀ।

ਸੰਤੀ : ਜੇ ਤੂੰ ਉਸ ਫਿਰ ਕਦੇ ਮਿਲੀ ਤਾਂ ਮੇਰਾ ਮਰੀ ਦਾ ਮੂੰਹ ਦੇਖੇਂ।

ਬੈਣੋ : ਕਦੇ ਨਹੀਂ ਮਿਲਾਂਗੀ ਹੁਣ ਉਸ ਨੂੰ।
(ਜਜ਼ਬਾਤ ਦੀ ਸ਼ਿੱਦਤ ਨਾਲ ਕੰਬਦੀ ਹੋਈ ਬੈਣੋ ਮਾਂ ਦੀ ਛਾਤੀ ਨਾਲ ਲਗ ਜਾਂਦੀ ਹੈ। ਬਾਹਰ ਕੁੜੀਆਂ ਦਾ ਗਿੱਧਾ ਮਚਦਾ ਹੈ। ਸੰਤੀ ਬੈਣੋ ਨੂੰ ਘੁੱਟ ਕੇ ਜੱਫੀ ਪਾ ਲੈਂਦੀ ਹੈ। ਉਚੇ ਉਚੇ ਸਾਹ . . . ਹੰਝੂਆਂ ਵਿਚ ਭਿੱਜੀਆਂ ਹਿਚਕੀਆਂ . . . । ਬਾਹਰੋਂ ਘੋੜੀ ਦੇ ਹਿਣਹਿਣਾਉਣ ਦੀ ਆਵਾਜ਼। ਕਾਕੂ ਤੇ ਦੀਪਾ ਆਉਂਦੇ ਹਨ।)

ਕਾਕੂ : ਬੈਣੋ ਦੀ ਮਾਂ, ਥਾਣੇਦਾਰ ਦੀ ਘੋੜੀ ਆ ਗਈ। ਹੁਣੇ ਨਾਅਲ ਠੋਕਣੇ ਨੇ। ਚਲ ਦੀਪਿਆ ਭੱਠੀ ਵਿੱਚ ਨਾਅਲ ਸੁਟ ਕੇ ਫੂਕਾਂ ਲਾ।
(ਕਾਕੂ ਭੱਠੀ ਵਿਚੋਂ ਲਾਲ ਸੂਹਾ ਨਾਅਲ ਕਢ ਕੇ ਅਹਿਰਨ ਉਤੇ ਰਖਦਾ ਹੈ ਅਤੇ ਹਥੌੜੇ ਨਾਲ ਸੱਟਾਂ ਲਾਉਂਦਾ ਹੈ। ਫਿਰ ਪਾਣੀ ਵਿਚ

Scanned by CamScanner

ਡੁਬੋ ਕੇ ਬਾਹਰ ਲੈ ਜਾਂਦਾ ਹੈ। ਦੀਪਾ ਲਾਲਟੈਣ ਲੈ ਕੇ ਉਸ ਦੇ ਪਿਛੇ ਜਾਂਦਾ ਹੈ।)

(ਘੋੜੀ ਦੀ ਉੱਚੀ ਹਿਣਹਿਣਾਹਟ ਤੇ ਨਾਅਲ ਠੋਕਣ ਦੀ ਆਵਾਜ਼।

ਬੈਣੋ ਤੜਪ ਕੇ ਸੰਤੀ ਦੀ ਹਿੱਕ ਨਾਲ ਲਗ ਲਗ ਜਾਂਦੀ ਹੈ। ਤੇ ਸਿਸਕੀਆਂ ਭਰਦੀ ਹੈ।)

ਆਵਾਜ਼ਾਂ (ਬਾਹਰੋਂ) : ਜ਼ੋਰ ਦੀ ਫੜ ਕੇ ਰੱਖੋ! ਰੱਸਾ ਨਾ ਛੁਡਾ ਲਵੇ! ਔਗੀ ਨਾ ਹੋਇਓ। ਮੂੰਹ ਜ਼ੋਰ ਐ! ਫੜ ਕੇ ਰਖੋ।

(ਘੋੜੀ ਦੀਆਂ ਆਵਾਜ਼ਾਂ ਬੰਦ ਹੋ ਜਾਂਦੀਆਂ ਹਨ। ਸੰਤੀ ਰਸੋਈ ਵਿਚ ਕੰਮ ਕਰਨ ਲਗਦੀ ਹੈ ਚੁੱਲ੍ਹੇ ਉੱਤੇ ਤਵਾ ਰਖਦੀ ਹੈ। ਕਾਕੂ ਤੇ ਦੀਪਾ ਆਉਂਦੇ ਹਨ।)

ਕਾਕੂ : ਬੜੀ ਅੜ੍ਹਬ ਘੋੜੀ ਸੀ। ਮਸਾਂ ਫੜ ਕੇ ਰੱਖੀ।

ਸੰਤੀ : ਹੁਣ ਰੋਟੀ ਖਾ ਲੈ।

(ਕਾਕੂ ਸ਼ਰਾਬ ਦੀ ਬੋਤਲ ਖੋਲ੍ਹਦਾ ਹੈ। ਗਲਾਸ ਵਿਚ ਪਾ ਕੇ ਪੀਂਦਾ ਹੈ।)

ਕਾਕੂ : ਲੈ ਪੁੱਤ ਇਕ ਘੁੱਟ ਤੂੰ ਵੀ ਪੀ ਲੈ।

ਸੰਤੀ : ਖ਼ਬਰਦਾਰ ਜੇ ਮੁੰਡੇ ਨੂੰ ਪਿਆਈ ਤਾਂ।

(ਬੈਣੋ ਚੰਗੇਰ ਵਿਚੋਂ ਰੋਟੀਆਂ ਕੱਢ ਕੇ ਥਾਲੀ ਵਿਚ ਪਰੋਸਦੀ ਹੈ ਤੇ ਡੋਈ ਫੇਰ ਕੇ ਤੌੜੀ ਵਿਚੋਂ ਸਾਗ ਕਾਂਸੀ ਦੇ ਕਟੋਰੇ ਵਿਚ ਪਾਉਂਦੀ ਹੈ। ਕਾਕੂ ਮੁੱਕੀ ਮਾਰ ਕੇ ਗੰਢਾ ਭੰਨਦਾ ਹੈ। ਦੋਵੇਂ ਪਿਉ ਪੁੱਤ ਰੋਟੀ ਖਾਂਦੇ ਹਨ।

(ਕਾਕੂ ਸ਼ਰਾਬ ਦਾ ਘੁੱਟ ਭਰ ਕੇ ਸੰਤੀ ਵੱਲ ਦੇਖਦਾ ਹੈ। ਪਿਛੋਕੜ ਵਿਚ ਅਲਗੋਜ਼ਿਆਂ ਦੀਆਂ ਸੁਰਾਂ।)

ਕਾਕੂ : ਮੈਂ ਸੋਚਦਾ ਹਾਂ, ਦੀਪਾ ਪੜ੍ਹਾਈ ਵਿਚ ਕਮਜ਼ੋਰ ਹੈ। ਇਹਨੂੰ ਪੁਲਿਸ ਵਿਚ ਭਰਤੀ ਕਰਵਾ ਦਿਆਂਗਾ। ਸ਼ਾਇਦ ਥਾਣੇਦਾਰ ਹੀ ਬਣ ਜਾਵੇ। ਲੋਹਾ ਕੁਟਣ ਨਾਲੋਂ ਲੋਕਾਂ ਨੂੰ ਕੁਟਣਾ ਜ਼ਿਆਦਾ ਫ਼ਾਇਦੇਮੰਦ ਹੈ।

ਸੰਤੀ : ਤੂੰ ਹਰ ਵੇਲੇ ਕੁੱਟਣ ਦੀਆਂ ਗੱਲਾਂ ਕਰਦੈਂ ਜਾਂ ਲੋਹੇ ਦੀਆਂ।

ਕਾਕੂ : ਹੋਰ ਕੀ ਸਿਉਨੇ ਦੀਆਂ ਗੱਲਾਂ ਕਰਾਂ ? ਸੱਚ ਪੁਛੇਂ ਤਾਂ ਲੋਹਾ ਸਿਉਨੇ ਨਾਲੋਂ ਕਿਤੇ ਚੰਗਾ। ਸਿਉਨਾ ਨਿਕੰਮੀ ਧਾਤ ਐ—ਪੀਲਾ ਜ਼ਰਦ ਰੰਗ, ਪਿੱਲੇ ਸਰੀਰ ਵਾਂਗ। ਨਾ ਇਹ ਲੱਕੜ ਵੱਢ ਸਕੇ, ਨਾ ਧਰਤੀ ਵਾਹ ਸਕੇ, ਨਾ ਦੁਸ਼ਮਣ ਦਾ ਵਾਰ ਡਕ ਸਕੇ। ਤਲਵਾਰ ਲੋਹੇ ਦੀ ਬਣਦੀ ਐ, ਸਿਉਨੇ ਦੀ ਨਹੀਂ! ਪਰ ਸ਼ਾਸਤਰਾਂ ਨੇ ਸਿਉਨੇ ਨੂੰ ਬਾਹਮਣ ਬਣਾ ਦਿਤਾ ਤੇ ਲੋਹੇ ਨੂੰ ਚੰਡਾਲ।

ਸੰਤੀ : ਏਸੇ ਲਈ ਤੂੰ ਮੈਨੂੰ ਲੋਹੇ ਦੀ ਨੱਥ ਪਾਈ ਹੋਈ ਐ।

ਕਾਕੂ : ਜਦੋਂ ਤੈਨੂੰ ਵਿਆਹ ਕੇ ਲਿਆਂਦਾ ਤਾਂ ਸੋਨੇ ਦੀ ਨੱਥ ਪਾਈ ਸੀ। ਭੁੱਲ ਗਈ ? ਪਿੱਪਲ-ਪੱਤੀਆਂ ਵਾਲੀ, ਲਾਲ ਮਣਕਿਆਂ ਤੇ ਸਹਾਰੇ ਵਾਲੀ ਸੋਨੇ ਦੀ ਨੱਥ।

ਸੰਤੀ : ਇਸ ਭੱਠੀ ਉੱਤੇ ਹੌਲੀ ਹੌਲੀ ਇਹ ਲੋਹੇ ਦੀ ਬਣ ਗਈ। ਦਿਨ ਰਾਤ ਬੱਨ੍ਹੀ ਹੋਈ ਆਂ ਮੈਂ ਇਸ ਚੰਦਰੀ ਭੱਠੀ ਨਾਲ।

ਕਾਕੂ : ਭੱਠੀ ਨੂੰ ਗਾਲ੍ਹ ਨਾ ਦੇਹ। (ਕਾਕੂ ਭੜ੍ਹਕ ਕੇ ਉਠ ਖੜਾ ਹੁੰਦਾ ਹੈ)। ਮੈਂ ਇਸ

Scanned by CamScanner

ਭੱਠੀ ਉੱਤੇ ਹੀ ਪੈਦਾ ਹੋਇਆ ਸਾਂ। ਮੇਰਾ ਬਾਪ ਆਖ਼ਰੀ ਦਮ ਤੀਕ ਇਸੇ ਭੱਠੀ ਉੱਤੇ ਲੋਹਾ ਕੁੱਟਦਾ ਰਿਹਾ। ਜਦੋਂ ਪਲੇਗ ਪਈ ਤਾਂ ਪਿੰਡ ਦੇ ਸਾਰੇ ਲੋਕ ਦੌੜ ਗਏ ਤੇ ਉਹਨਾਂ ਨੇ ਨਹਿਰ ਦੇ ਪਾਰਲੇ ਕੰਢੇ ਉੱਤੇ ਝੁੱਗੀਆਂ ਪਾ ਲਈਆਂ। ਪਰ ਮੇਰਾ ਬਾਪ ਇਥੇ ਹੀ ਰਿਹਾ। ਰਾਤ ਨੂੰ ਉਸ ਦੇ ਹਥੌੜੇ ਦੀ ਆਵਾਜ਼ ਪਿੰਡ ਵਿਚ ਗੂੰਜਦੀ . . . ਉਹ ਆਖਦਾ, ਚੂਹੇ ਲੋਹੇ ਦਾ ਕੁਝ ਨਹੀਂ ਵਿਗਾੜ ਸਕਦੇ। ਪਰ ਅੰਤ ਵਿਚ ਉਸ ਨੂੰ ਪਲੇਗ ਨੇ ਲੈ ਲਿਆ। ਮਾਂ ਵੀ ਨਾਲ ਹੀ ਚਲ ਵਸੀ। ਮੈਂ ਉਸ ਵੇਲੇ ਦਸ ਵਰ੍ਹਿਆਂ ਦਾ ਸਾਂ . . . ਸਰਕਾਰੀ ਲੋਕ ਆਏ ਤੇ ਉਹਨਾਂ ਨੇ ਪਲੇਗ ਨੂੰ ਖ਼ਤਮ ਕਰਨ ਲਈ ਘਰਾਂ ਨੂੰ ਅੱਗ ਲਾ ਦਿਤੀ। ਪਿੰਡ ਦੇ ਬਹੁਤੇ ਘਰ ਖੋਲੇ ਬਣ ਗਏ। ਮੈਨੂੰ ਸਿਰਫ਼ ਹਥੌੜਾ ਚਲਾਉਣਾ ਆਉਂਦਾ ਸੀ। ਹਥੌੜਾ, ਛੈਣੀ ਤੇ ਸੰਨ੍ਹੀ ਹੀ ਮੇਰੇ ਖਿਡੌਣੇ ਸਨ। ਇਹਨਾਂ ਨਾਲ ਖੇਡਦਾ ਮੈਂ ਵੱਡਾ ਹੋਇਆ। ਭੱਠੀ ਉੱਤੇ ਦਿਨ ਰਾਤ ਕੰਮ ਕੀਤਾ ਤੇ ਇਲਾਕੇ ਦਾ ਸਭ ਤੋਂ ਵੱਡਾ ਲੁਹਾਰ ਬਣ ਗਿਆ। ਕਬੀਲੇ ਵਿਚ ਲੋਕ ਮੇਰੀ ਤਾਕਤ ਨੂੰ ਮੰਨਣ ਲੱਗੇ। ਰੋਹੀ ਦੇ ਜੰਡ ਵਾਂਗ ਮੈਂ ਇਕੱਲਾ ਸਾਂ, ਤੇ ਤਾਕਤਵਰ। ਮੇਰੇ ਹਥੌੜੇ ਵਿਚੋਂ ਚੰਗਿਆੜੇ ਉਡਦੇ ਸਨ। ਤੇਰੇ ਬਾਪ ਨੇ ਮੈਨੂੰ ਇਸੇ ਭੱਠੀ ਉੱਤੇ ਵੇਖਿਆ ... ਮੇਰੇ ਵਾੜੇ ਵਿਚ ਦੋ ਗਊਆਂ ਸਨ, ਦੋਵੇਂ ਲਵੇਰੀਆਂ। ਤੇ ਭੱਠੀ ਉੱਤੇ ਚੋਖਾ ਕੰਮ। ਤੈਨੂੰ ਵਿਆਹ ਕੇ ਲਿਆਂਦਾ। ਜਦ ਤੂੰ ਆਈ ਤਾਂ ਇਸ ਦਲੀਜ਼ ਉੱਤੇ ਤੇਲ ਚੋਣ ਨੂੰ ਕੋਈ ਨਹੀਂ ਸੀ, ਨਾ ਮਾਂ, ਨਾ ਕੋਈ ਭੈਣ, ਨਾ ਭਾਬੀ। ਤੇਰੇ ਆਉਣ ਨਾਲ ਵੇਹੜੇ ਵਿਚ ਚਾਨਣ ਹੋ ਗਿਆ ... ਯਾਦ ਹੈ ਤੈਨੂੰ ਪਹਿਲੀ ਰਾਤ ? ਮੈਂ ਦੀਵਾ ਬੁਝਾਉਣ ਲਗਾ ਤਾਂ ਤੂੰ ਆਖਿਆ, ਅਜੇ ਨਹੀਂ। ਫੇਰ ਮੈਂ ਇਕੋ ਫੂਕ ਮਾਰ ਕੇ ਦੀਵਾ ਬੁਝਾ ਦਿਤਾ। ਹਨੇਰੇ ਵਿਚ ਮੈਂ ਤੇਰੇ ਭਰਵੇਂ ਜਿਸਮ ਨੂੰ ਮਹਿਸੂਸ ਕੀਤਾ, ਇਸ ਦੀ ਗਰਮੀ ਨੂੰ। ਤੇਰਾ ਸਾਹ ਧੌਂਕਣੀ ਵਾਂਗ ਚੱਲ ਰਿਹਾ ਸੀ। ਦੂਜੇ ਦਿਨ ਉਠਿਆ ਤਾਂ ਖ਼ੁਸ਼ੀ ਨਾਲ ਡੱਕਿਆ ਹੋਇਆ। ਸ਼ਾਮ ਨੂੰ ਦੋਸਤਾਂ ਨਾਲ ਰੱਜ ਕੇ ਸ਼ਰਾਬ ਪੀਤੀ ... ਤੂੰ ਮੇਰੀ ਹੈਂ। ਸਿਰ ਤੋਂ ਪੈਰਾਂ ਤੀਕ ਮੇਰੀ।

ਸੰਤੀ : ਪਰ ਤੂੰ ਖਾਰ ਖਾਂਦਾ ਸੈਂ।

ਕਾਕੂ : ਮੈਂ ਕਿਸ ਨਾਲ ਖਾਰ ਖਾਣੀ ਹੋਈ ? ਸਗੋਂ ਸਾਰਾ ਪਿੰਡ ਖਾਰ ਖਾਂਦਾ ਸੀ ਮੇਰੇ ਨਾਲ, ਕਿਉਂਕਿ ਤੂੰ ਸੁਹਣੀ ਸੈਂ ? ਤੇ ਮੇਰੀ।

ਸੰਤੀ : ਹੁਣ ਤੂੰ ਮੈਨੂੰ ਪਹਿਲਾਂ ਵਾਂਗ ਪਿਆਰ ਨਹੀਂ ਕਰਦਾ। ਬਸ ਸ਼ਰਾਬ ਦੀ ਬੋਤਲ ਚਾਹੀਦੀ ਐ ਤੈਨੂੰ।

ਕਾਕੂ : ਲੋਹਾ ਹਜਮ ਕਰਨਾ ਕੋਈ ਅਸਾਨ ਐ ? ਮੈਂ ਲੋਹਾ ਕੁੱਟਦਾ ਨਹੀਂ, ਲੋਹਾ ਫਕਦਾ ਹਾਂ। ਧੂੰਆਂ, ਮੱਚੇ ਹੋਏ ਲੋਹੇ ਦਾ ਬੂਰ, ਅੱਗ ... ਤੂੰ ਸਮਝਦੀ ਐਂ ਬਗ਼ੈਰ ਸ਼ਰਾਬ ਦੇ ਇਹਨਾਂ ਨੂੰ ਪਚਾ ਸਕਦਾਂ ਮੈਂ ਕਦੇ ? (ਬੋਤਲ ਮੂੰਹ ਨੂੰ ਲਾਉਂਦਾ ਹੈ।) ਸਾਲੀ ਸੰਘ ਵਿਚੋਂ ਦੀ ਲੰਘਦੀ ਕਾਲਜੇ 'ਚ ਦੀਵੇ ਬਾਲਦੀ ਜਾਂਦੀ ਐ।

ਸੰਤੀ : ਹੋਰ ਨਾ ਪੀਵੀ ਜਾਹ।

ਕਾਕੂ : ਸੰਤੀਏ, ਇਕ ਘੁੱਟ ਤੂੰ ਵੀ ਲੈ ਲੈ ਮੇਰੇ ਨਾਲ ਅੱਜ। ਜਦੋਂ ਤੂੰ ਮੁਕਲਾਵੇ ਆਈ ਸੀ ਤਾਂ ਮੈਂ ਤੈਨੂੰ ਆਪਣੀ ਸਹੁੰ ਖੁਆ ਕੇ ਇਹੋ ਚੌਧਵਾਂ ਰਤਨ ਚਖਾਇਆ ਸੀ।

ਸੰਤੀ : ਮੈਂ ਨਹੀਂ ਪੀਂਦੀ।

ਕਾਕੂ : ਪੀ ਲੈ ਇਕ ਘੁਟ।

ਸੰਤੀ : ਕਿਥੋਂ ਸਿਖ ਕੇ ਆਇਐਂ ਇਹ ਗੱਲਾਂ ? ਉਸ ਬਣਸੋ ਹਰਾਮਣ ਤੋਂ ਜੋ ਮਰਦਾਂ ਨੂੰ ਸ਼ਰਾਬ ਪਿਲਾਉਂਦੀ ਐ ਤੇ ਜਣੇ ਖਣੇ ਨਾਲ ਸੌਂਦੀ ਫਿਰਦੀ ਹੈ।

Scanned by CamScanner

ਕਾਕੂ : ਸਹੁਰੀਏ, ਮਰਦ ਨਾੜ੍ਹਾ ਧੋਤਾ ਘੋੜਾ, ਉਸ ਦਾ ਕੀ ਲੱਥ ਜਾਂਦੈ।
ਸੰਤੀ : ਤੂੰ ਮੈਨੂੰ ਕਈ ਮਹੀਨਿਆਂ ਤੋਂ ਹੱਥ ਨਹੀਂ ਲਾਇਆ।
ਕਾਕੂ : ਭੱਠੀ ਦਾ ਕੰਮ ਨਹੀਂ ਦੇਖਦੀ ? ਦਿਨ ਰਾਤ ਲੋਹਾ ਕੁਟਦਾਂ ...
ਸੰਤੀ : ਮੇਰਾ ਜੀਅ ਕਰਦੈ ਤੂੰ ਮੈਨੂੰ ਵੀ ਲੋਹੇ ਵਾਂਗ ਕੁੱਟੇਂ।
ਕਾਕੂ : ਠੀਕ ਆਖਦੀ ਹੈਂ, ਤੀਵੀਂ ਨੂੰ ਇਸ ਦੀ ਲੋੜ ਐ। ਰੱਬ ਨੇ ਤੀਵੀਂ ਦਾ ਸਰੀਰ ਦੂਹਰਾ ਤੀਹਰਾ ਬਣਾਇਐ ... ਭਰਵੀਆਂ ਛਾਤੀਆਂ ਤੇ ਪੱਟ ਤਾਂ ਜੋ ਮਰਦ ਦਾ ਜ਼ੁਲਮ ਸਹਿ ਸਕਣ।

(ਪਿਛੋਕੜ ਵਿਚ ਅਲਗੋਜ਼ਿਆਂ ਦੀ ਧੁਨ ਫਿਰ ਉਭਰਦੀ ਹੈ।)

ਸੰਤੀ : ਤੇਰੀਆਂ ਅੱਖਾਂ ਲਾਲ ਨੇ।
ਕਾਕੂ : ਇਹ ਲਾਲ ਡੋਰੇ ਤੈਨੂੰ ਦੇਖ ਕੇ ਤਰਦੇ ਨੇ ਮੇਰੀਆਂ ਅੱਖਾਂ ਵਿਚ। ਬੈਣੋ ਸੌਂ ਗਈ ?
ਸੰਤੀ : ਹਾਂ।
ਕਾਕੂ : ਤੇ ਦੀਪਾ ?
ਸੰਤੀ : ਉਹ ਵੀ।
ਕਾਕੂ : ਤੇ ਕੁੱਕੜ ਤਾੜ ਦਿਤੇ ?
ਸੰਤੀ : ਹਾਂ।
ਕਾਕੂ : ਤੇ ਹੁਣ ਤੂੰ –
ਸੰਤੀ : ਮੈਂ ਕੀ ?
ਕਾਕੂ : ਤੈਨੂੰ ਇਸ ਤਰ੍ਹਾਂ ਭਰੀ ਭਰੀ ਦੇਖਦਾ ਹਾਂ ਤਾਂ ਜੀ ਕਰਦੈ ਤੈਨੂੰ ਵੀ ਫੱਕ ਲਵਾਂ ... ਭੱਠੀ ਤੋਂ ਉਡਦੇ ਲੋਹੇ ਵਾਂਗ ...

(ਕਾਕੂ ਉਸ ਵੱਲ ਵਧਦਾ ਹੈ। ਸੰਤੀ ਦੀਵੇ ਨੂੰ ਚੁਕ ਕੇ ਫੂਕ ਮਾਰਦੀ ਹੈ। ਹਨ੍ਹੇਰੇ ਵਿਚ ਸੰਗੀਤ ਉੱਚਾ ਹੋ ਜਾਂਦਾ ਹੈ।)

(ਹਨੇਰਾ)

Scanned by CamScanner

# ਐਕਟ ਦੂਜਾ

## ਸੀਨ – ਪਹਿਲਾ

(ਕਾਕੂ ਸਾਣ ਉੱਤੇ ਗੰਡਾਸਾ ਤੇਜ਼ ਕਰ ਰਿਹਾ ਹੈ। ਬੈਣੋ ਸਾਹਮਣੇ ਬੈਠੀ ਘੁੰਮਦੀ ਹੋਈ ਸਾਣ ਦੇ ਪਟੇ ਨੂੰ ਖਿਚ ਰਹੀ ਹੈ। ਗੰਡਾਸੇ ਵਿਚੋਂ ਚੰਗਿਆੜੇ ਉਡਦੇ ਹਨ।)

ਬੈਣੋ : (ਹੱਸਦੀ ਹੈ।) ਜੀ ਕਰਦੈ ਇਹਨਾਂ ਚੰਗਿਆੜਿਆਂ ਨੂੰ ਫੜ ਲਵਾਂ, ਤੇ ਖਾ ਲਵਾਂ। ਬਾਪੂ, ਲੋਹੇ ਵਿਚੋਂ ਚੰਗਿਆੜੇ ਕਿਉਂ ਨਿਕਲਦੇ ਹਨ ?

ਕਾਕੂ : ਲੋਹੇ ਵਿਚ ਅੱਗ ਸੁੱਤੀ ਪਈ ਹੁੰਦੀ ਹੈ, ਬੈਣੋ। ਪੱਥਰ ਦੀ ਰਗੜ ਨਾਲ ਲੋਹਾ ਚੰਗਿਆੜੇ ਛਡਦੈ।

ਬੈਣੋ : ਜੀ ਕਰਦੈ ਇਹਨਾਂ ਨੂੰ ਝੋਲੀ ਵਿਚ ਪਾ ਲਵਾਂ।

ਕਾਕੂ : ਅੱਗ ਨੂੰ ਕੋਈ ਨਹੀਂ ਫੜ ਸਕਦਾ।

ਬੈਣੋ : ਮੈਨੂੰ ਅੱਗ ਤੋਂ ਡਰ ਨਹੀਂ ਲਗਦਾ, ਪਰੰ ਹਨੇਰੇ ਤੋਂ ਡਰ ਲਗਦੈ।

ਕਾਕੂ : ਕਾਹਦਾ ਡਰ ? ਇਸ ਹਥੌੜੇ ਅੱਗੋ ਤਾਂ ਭੂਤ ਵੀ ਦੌੜਦੇ।

(ਕਾਕੂ ਗੰਡਾਸੇ ਦੀ ਧਾਰ ਨੂੰ ਅੰਗੂਠੇ ਨਾਲ ਮਹਿਸੂਸ ਕਰਦਾ ਹੈ।)

ਗੰਡਾਸਾ ਤੇਜ਼ ਹੋ ਗਿਆ ਲੈ ਇਸ ਨੂੰ ਰਖ ਦੇਹ।

(ਬੈਣੋ ਗੰਡਾਸਾ ਫੜ ਕੇ ਸਬਾਤ ਦੇ ਛੱਪਰ ਵਿਚ ਉੜੰਗ ਦੇਂਦੀ ਹੈ।)

ਮੈਂ ਮੰਡੀ ਲੋਹਾ ਲੈਣ ਚਲਿਆ ਹਾਂ। ਤੂੰ ਪਿਛੋਂ ਇਹਨਾ ਦਾਤਰੀਆਂ ਦੇ ਦੰਦੇ ਕਢ ਦੇਵੀਂ।

(ਉਹ ਜਾਂਦਾ ਹੈ। ਬੈਣੋ ਆਲੇ ਵਿਚੋਂ ਸ਼ੀਸ਼ਾ ਕੱਢਦੀ ਹੈ, ਕੰਘੀ ਕਰਦੀ ਹੈ ਤੇ ਖਿੜਕੀ ਕੋਲ ਖੜੀ ਬਾਹਰ ਝਾਕਦੀ ਹੈ। ਬਚਨੀ ਦਾਖ਼ਿਲ ਹੁੰਦੀ ਹੈ।)

ਬਚਨੀ : ਕੋਈ ਹੈ ਘਰ ਵਿਚ ? ਵੇਹੜਾ ਤਾ ਖ਼ਾਲੀ ਪਿਆ ਏ। ਭੱਠੀ ਮਘਦੀ ਐ। ਔਹ ਖੜੀ ਐ ਸੰਤੀ ਖਿੜਕੀ ਕੋਲ। ਸੰਤੀਏ! ਕਿਹੜੀਆਂ ਸੋਚਾਂ 'ਚ ਡੁੱਬੀ ਖੜ੍ਹੀ ਏਂ ?

ਬੈਣੋ : (ਮੁੜ ਕੇ) ਕੌਣ ਐ ?

ਬਚਨੀ : ਤੂੰ ਕੌਣ ਐਂ ? ਬੈਣੋ! ਹਾਏ! ਕਿੱਡੀ ਵੱਡੀ ਹੋ ਗਈ ਤੂੰ। ਮੈਂ ਸਮਝੀ ਸੰਤੀ ਖੜੀ ਆ। ਉਹੀ ਕੱਦ, ਉਹੀ ਕਾਠ। ਉਹੀ ਨੁਹਾਰ, ਉਹੀ ਲੰਮੀ ਗੁੱਤ।

ਬੈਣੋ : ਤੇ ਤੂੰ ਮਾਸੀ ?

ਬਚਨੀ : ਹਾਂ ਮੈਂ ਆਂ, ਤੇਰੀ ਮਾਸੀ। ਤੇਰੀ ਮਾਂ ਦੀ ਸਹੇਲੀ। ਪਛਾਣਿਆਂ ਨਹੀਂ ਮੈਨੂੰ ? ਪੰਜ ਸਾਲ ਪਹਿਲਾਂ ਮੈਂ ਇਸ ਘਰ ਆਈ ਸਾਂ। ਭੁਲ ਗਈ ਮਾਸੀ ਨੂੰ ?

ਬੈਣੋ : ਆਹ ... ਪਿਛਲੀ ਵਾਰ ਤੂੰ ਮੇਰੇ ਲਈ ਬੇਰ ਲੈ ਕੇ ਆਈ ਸੈਂ ਨਾ ?

ਬਚਨੀ : ਹੁਣ ਵੀ ਲੈ ਕੇ ਆਈ ਹਾਂ। ਲੈ ਕਰ ਝੋਲੀ। ਲਾਲ ਲਾਲ ਬੇਰ ਨੇ ਮਲ੍ਹਿਆਂ

Scanned by CamScanner

ਦੇ। ਮੈਂ ਸਮਝਦੀ ਸੀ ਤੂੰ ਓਡੀ ਹੀ ਹੋਵੇਂਗੀ, ਪਰ ਸੁਖ ਨਾਲ ਹੁਣ ਤਾਂ ਮੁਟਿਆਰ ਹੋ ਗਈ ਏਂ।

(ਸੰਤੀ ਆਉਂਦੀ ਹੈ।)

ਸੰਤੀ : ਧੰਨ ਭਾਗ ਤੂੰ ਆਈ। (ਜੱਫੀ ਪਾ ਕੇ ਮਿਲਦੀਆਂ ਹਨ।) ਤੈਨੂੰ ਮਿਲ ਕੇ ਕਾਲਜੇ 'ਚ ਠੰਢ ਪੈ ਗਈ। ਤੂੰ ਉਹ ਜਿਹੀ ਦੀ ਉਹ ਜਿਹੀ ਜੁਆਨ ਤੇ ਹਸਮੁਖ। ਮੈਨੂੰ ਤੇਰਾ ਸੁਨੇਹਾ ਮਿਲ ਗਿਆ ਸੀ, ਪਰ ਸਾਡੀ ਵਹਿੜਕੀ ਨੂੰ ਅਫਰੇਵਾਂ ਹੋ ਗਿਐ। ਅਸੀਂ ਸੋਚਿਆ ਕੋਈ ਸੱਪ-ਸਲੂਤੀ ਪਾ ਆਈ ਏ ਸ਼ਾਇਦ। ਪਰ ਬੁੱਢੇ ਸਲੋਤਰੀ ਨੇ ਦੱਸਿਐ ਕਿ ਵਹਿੜਕੀ ਨਵੇਂ ਦੁੱਧ ਹੋ ਗਈ। ਸ਼ੁਕਰ ਏ।

ਬਚਨੀ : ਮੈਨੂੰ ਬਹੁਲੀ ਭੇਜੇਂਗੀ ?

ਸੰਤੀ : ਲੈ ਤੈਨੂੰ ਨਾ ਭੇਜੂੰ ਤਾਂ ਹੋਰ ਕਿਸ ਨੂੰ ? ਤੂੰ ਕਦੋਂ ਆਈ ?

ਬਚਨੀ : ਮੇਰੇ ਘਰ ਵਾਲੇ ਦੀ ਅਚਾਨਕ ਹੀ ਇਥੋਂ ਦੀ ਬਦਲੀ ਹੋ ਗਈ। ਪਹਿਲੇ ਪਟਵਾਰੀ ਨੂੰ ਲਾਹ ਦਿਤਾ—ਉਹ ਰਿਸ਼ਵਤ ਖਾਂਦਾ ਸੀ। ਕੱਲ੍ਹ ਆਥਣੇ ਸਾਡਾ ਗੱਡਾ ਪਹੁੰਚਿਆ।

ਸੰਤੀ : ਚੰਗਾ ਹੋਇਆ ਤੂੰ ਇਥੇ ਆ ਗਈ।

(ਬੈਣੋਂ ਬੇਰ ਖਾਂਦੀ ਹੋਈ ਅੰਦਰ ਚਲੀ ਜਾਂਦੀ ਹੈ।)

ਬਚਨੀ : ਐਨੇ ਸਾਲ ਹੋ ਗਏ ਪਰ ਇਹ ਵੇਹੜਾ ਨਹੀਂ ਬਦਲਿਆ। ਉਹੀ ਧੌਂਕਣੀ, ਉਹੀ ਅਹਿਰਨ, ਉਹੀ ਭੱਠੀ। ਕੁੱਕੜਾਂ ਦਾ ਖੁੱਡਾ ਵੀ ਉਥੇ ਹੀ ਹੈ।

ਸੰਤੀ : ਮੈਂ ਵੀ ਉਥੇ ਹੀ ਆਂ।

ਬਚਨੀ : ਜਦੋਂ ਮੈਂ ਬੈਣੋਂ ਨੂੰ ਖਿੜਕੀ ਕੋਲ ਖੜ੍ਹੀ ਨੂੰ ਦੇਖਿਆ ਤੇ ਸਮਝੀ ਕਿ ਤੂੰ ਖੜੀ ਐਂ।

ਸੰਤੀ : ਹੁਣ ਉਹ ਵੱਡੀ ਹੋ ਗਈ ਏ।

ਬਚਨੀ : ਐਨ ਤੇਰੇ ਵਰਗੀ, ਜਦੋਂ ਤੂੰ ਅਠਾਰਾਂ ਸਾਲ ਦੀ ਸੈਂ।

ਸੰਤੀ : ਠੀਕ ਆਖਦੀ ਐਂ। ਕੱਲ੍ਹ ਬੈਣੋਂ ਦੀ ਜੁੱਤੀ ਬਣ ਕੇ ਆਈ। ਮੈਂ ਪਾ ਕੇ ਦੇਖੀ ਤਾਂ ਮੇਰੇ ਮੇਚ ਆ ਗਈ।

ਬਚਨੀ : ਸਾਵੀਂ ਤੇਰੀ ਮੂਰਤ।

ਸੰਤੀ : ਪਰ ਸੁਭਾਅ ਮੇਰੇ ਨਾਲੋਂ ਪੁੱਠਾ।

ਬਚਨੀ : ਵਿਆਹ ਕਦ ਦਾ ਧਰਿਐ ?

ਸੰਤੀ : ਅਗਲੇ ਮਹੀਨੇ ਪੰਚਵੀਂ ਦਾ ਸਾਹਾ ਨਿਕਲਿਐ। ਟੂਮਾਂ ਮੰਗਲ ਸੁਨਿਆਰ ਨੇ ਘੜੀਆਂ ਨੇ। ਦਿਖਾਵਾਂ ਤੈਨੂੰ।

(ਸੰਤੀ ਅੰਦਰ ਜਾ ਕੇ ਸੰਦੂਕ ਵਿਚੋਂ ਲਾਲ ਪੋਟਲੀ ਲਿਆਉਂਦੀ ਹੈ।)

ਆਹ ਦੇਖ।

ਬਚਨੀ : ਬੜੀ ਭਾਰੀ ਨੱਥ ਏ।

ਸੰਤੀ : ਬੈਣੋਂ ਦੇ ਬਾਪੂ ਨੇ ਸਾਰਾ ਸਿਉਨਾ ਨੱਥ ਉੱਤੇ ਲਾ ਦਿਤਾ। ਆਖਦੇ ਨੱਥ ਸਾਰਿਆਂ ਗਹਿਣਿਆਂ ਦੀ ਮਲਕਾ ਹੈ। ਮੈਨੂੰ ਗਹਿਣਿਆਂ ਵਿਚੋਂ ਨੱਥ ਹੀ ਚੰਗੀ ਲਗਦੀ ਐ। ਤੇ ਇਹ ਲਾਲ ਜੁੱਤੀ। ਨਿਹਾਲੇ ਵਰਗਾ ਚਮਿਆਰ ਸਾਰੇ ਇਲਾਕੇ ਵਿਚ ਕਿਹੜਾ ਹੋਣੈ। ਬੜੀ ਰੀਝ ਨਾਲ ਬਣਾਈ ਐ ਉਸ ਨੇ ਇਹ ਜੁੱਤੀ।

ਬਚਨੀ : ਬੈਣੋਂ ਨੂੰ ਦੇਖ ਕੇ ਮੈਨੂੰ ਉਹ ਵੇਲਾ ਯਾਦ ਆ ਗਿਆ ਜਦੋਂ ਤੂੰ ਤੇ ਮੈਂ ਕਪੜੇ ਧੋਣ ਢਾਬ ਉੱਤੇ ਜਾਂਦੀਆਂ ਸਾਂ। ਪਾਣੀ ਵਿਚ ਲੱਤਾਂ ਲਮਕਾ ਕੇ ਬੈਠਦੀਆਂ

Scanned by CamScanner

ਤੇ ਅੱਡੀਆਂ ਕੂਚਦੀਆਂ। ਪਾਣੀ ਦੀਆਂ ਚੂਲੀਆਂ ਭਰ ਕੇ ਆਪਣੇ ਹੱਥਾਂ ਵਿਚ ਸੂਰਜ ਦੇਖਦੀਆਂ।

ਸੰਤੀ : ਪਰ ਹੁਣ ਆਪਣੇ ਹੱਥ ਦੇਖਦੀ ਹਾਂ ਤਾਂ ਸੁਆਹ ਦੀਆਂ ਲੀਕਾਂ ਦਿਸਦੀਆਂ ਨੇ। (ਯਕਦਮ) ਹਾਰੇ ਵਿਚ ਸਾਗ ਧਰ ਕੇ ਭੁੱਲ ਗਈ। ਗੱਲਾਂ ਵਿਚ ਲੱਗੀ ਰਹੀ। ਕਿਤੇ ਥੱਲੇ ਨਾ ਲਗ ਗਿਆ ਹੋਵੇ। ਜਾ ਕੇ ਦੇਖਾਂ।

ਬਚਨੀ : ਵਿਆਹ ਦੇ ਕੰਮ ਕਾਜ ਲਈ ਆਵਾਂਗੀ—ਗੀਟਾ ਲਵਾਉਣ ਤੇ ਤੇਰੇ ਨਾਲ ਰਲ ਕੇ ਗੀਤ ਗਾਉਣ।

(ਜਾਂਦੀ ਹੈ।)

(ਸੰਤੀ ਰਸੋਈ ਵਿਚ ਜਾ ਕੇ ਹਾਰੇ ਵਿਚ ਰਿਝਦੇ ਸਾਗ ਵਿਚ ਡੋਈ ਫੇਰਦੀ ਹੈ। ਬੈਣੋਂ ਨੂੰ ਹਾਕ ਮਾਰਦੀ ਹੈ।)

ਸੰਤੀ : ਬੈਣੋਂ! ਨੀ ਬੋਲਦੀ ਕਿਉਂ ਨਹੀਂ ? ਬੈਣੋਂ!

ਬੈਣੋਂ : (ਆਉਂਦੀ ਹੋਈ) ਹਾਂ, ਕੀ ਐ ?

ਸੰਤੀ : ਸਾਗ ਰਿਝ ਗਿਆ। ਹੁਣ ਤੂੰ ਹਾਰੇ ਵਿਚ ਥਕਲੀਆਂ ਧਰ ਦੇਹ। ਪਾਥੀਆਂ ਦੀ ਅੱਗ ਤੇ ਹੌਲੀ ਹੌਲੀ ਰਿਝਣਗੀਆਂ। ਨੀ ਚੁਪ ਕਿਉਂ ਹੋ ਗਈ। ਇਹ ਕੀ ਲਈ ਫਿਰਦੀ ਹੈਂ ?

ਬੈਣੋਂ : ਕਲ੍ਹ ਗਾਂ ਨੇ ਨਿਆਣਾ ਤੁੜਵਾ ਲਿਆ ਸੀ। ਲੇਵਾ ਭਰਿਆ ਹੋਇਆ ਸੀ। ਮੈਂ ਚੋਣ ਬੈਠੀ ਤਾਂ ਕਿੱਲੇ ਨਾਲ ਬੰਨ੍ਹਿਆ ਵੱਛਾ ਅੜਾਉਣ ਲਗਿਆ। ਗਾਂ ਉਡਕ ਗਈ। ਉਸ ਨੇ ਦੋ ਛੜਾਂ ਮਾਰੀਆਂ ਤੇ ਨਿਆਣਾ ਤੁੜਵਾ ਕੇ ਰੰਭਣ ਲਗੀ।

ਸੰਤੀ : ਫਿਰ ਤੂੰ ਕੀ ਕਰਦੀ ਸੀ ਇਸ ਰੱਸੇ ਦਾ ?

ਬੈਣੋਂ : ਸੰਦਦੀ ਸਾਂ। ਘਸ ਕੇ ਬੋਦਾ ਹੋ ਗਿਆ। ਮੈਂ ਸੰਦਿਆ ਤਾਂ ਹੈ ਪਰ ਇਸ ਨੇ ਦੋ ਦਿਨ ਵੀ ਨਹੀਂ ਕਢਣੇ।

ਸੰਤੀ : ਤੂੰ ਸਿਆਣੀ ਹੋ ਗਈ ਹੈਂ, ਕੁਝ ਘਰ ਦਾ ਕੰਮ ਕਰਿਆ ਕਰ। ਦੇਖ, ਘਰੋਂ ਬਾਹਰੋਂ ਸਾਰਾ ਕੰਮ ਮੈਨੂੰ ਹੀ ਕਰਨਾ ਪੈਂਦਾ ਹੈ। ਰੋਟੀਆਂ ਥੱਪਣ,...ਭੱਠੀ ਦੀ ਸੁਆਹ ਕਢਣ, ... ਵਾੜੇ ਵਿਚ ਗੁਤਾਵਾ ਕਰਨ ਦਾ ਸਾਰਾ ਕੰਮ ... ਬਹੁਤ ਥਕ ਗਈ ਹਾਂ ਮੈਂ।

(ਉਹ ਲਿਪੇ ਹੋਏ ਫਰਸ਼ ਉਤੇ ਪੱਸਰ ਕੇ ਲੇਟ ਜਾਂਦੀ ਹੈ। ਲੰਮੀ ਅੰਗੜਾਈ ਲੈਂਦੀ ਹੈ ਤੇ ਆਕੜਾਂ ਭੰਨਦੀ ਹੈ।)

ਬੈਣੋਂ ! ਧੀਏ ਆ ਜ਼ਰਾ ਮੈਨੂੰ ਲਿਤਾੜ ਦੇਹ।

(ਬੈਣੋਂ ਰੱਸਾ ਸੁਟ ਕੇ ਨੰਗੇ ਪੈਰੀਂ ਸੰਤੀ ਨੂੰ ਲਿਤਾੜਨ ਲਗਦੀ ਹੈ।)

ਬੈਣੋਂ : ਮਾਂ, ਤੈਨੂੰ ਮੇਰਾ ਬੋਝ ਨਹੀਂ ਲਗਦਾ ?

ਸੰਤੀ : ਨਹੀਂ! ਜਦੋਂ ਮੈਂ ਤੈਨੂੰ ਨੌਂ ਮਹੀਨੇ ਢਿਡ ਵਿਚ ਲਈ ਫਿਰਦੀ ਰਹੀ, ਉਦੋਂ ਤੇਰਾ ਬੋਝ ਨਾ ਲਗਿਆ ਤਾਂ ਹੁਣ ਕਿਉਂ ਲੱਗੂ।

ਬੈਣੋਂ : ਹੁਣ ਇਸ ਲਈ ਕਿ ਮੈਂ ਵੱਡੀ ਹੋ ਗਈ ਹਾਂ। ਤੈਥੋਂ ਵੀ ਲੰਮੀ। ਇਸੇ ਲਈ ਮੈਂ ਪੋਲੇ ਪੱਬੀਂ ਲਿਤਾੜਦੀ ਹਾਂ ਤੈਨੂੰ। ਲਗਦਾ ਹੈ ਜਿਵੇਂ ਮੈਂ ਪੋਲੀ ਧਰਤੀ ਉਤੇ ਤੁਰ ਰਹੀ ਹੋਵਾਂ।

ਸੰਤੀ : ਹੋਰ ਭਰਵਾਂ ਪੈਰ ਰਖ ਮੇਰੇ ਉਤੇ। ਮੇਰੇ ਮੋਢਿਆਂ ਉਤੇ ... ਪਿੱਠ ਉਤੇ ... ਲੱਤਾਂ ਉਤੇ ... ਮੈਨੂੰ ਚੰਗਾ ਲਗਦਾ ਹੈ ... (ਹੂੰਗਰ ਮਾਰਦੀ ਹੋਈ) ਚੈਨ ਪੈ ਰਿਹਾ

Scanned by CamScanner

ਹੈ ਹੱਡਾਂ ਵਿਚ। ਆਰਾਮ ਆ ਗਿਆ ਮੇਰੀ ਦੇਹ ਨੂੰ।

(ਦੂਰੋਂ ਢੋਲਕੀ ਦੀ ਆਵਾਜ਼ ਉਚੀ ਹੋ ਜਾਂਦੀ ਹੈ। ਮਾਂ ਦੀਆਂ ਹੂੰਗਰਾਂ ਉੱਚੀਆਂ ਹੋ ਜਾਂਦੀਆਂ ਹਨ। ਹੌਲੀ ਹੌਲੀ ਉਹ ਸ਼ਾਂਤ ਹੋ ਜਾਂਦੀ ਹੈ। ਉਹ ਚੌਫਾਲ ਮਸਤ ਪਈ ਹੈ ਨਸ਼ੇ ਵਿਚ।)

ਬੈਣੋ ਕੁਝ ਚਿਰ ਲਈ ਖੜ੍ਹੀ ਸੋਚਦੀ ਹੈ।

ਗਿੱਧਾ ਅਤੇ ਗੀਤ ਫਿਰ ਉੱਚਾ ਹੋ ਜਾਂਦਾ ਹੈ:

ਬਾਜਰੇ ਦਾ ਸਿੱਟਾ ਨੀ ਮੈਂ ਤਲੀ ਤੇ ਮਰੋੜਿਆ ....
ਬਾਜਰੇ ਦਾ ਸਿੱਟਾ...
ਰੁਠੜਾ ਜਾਂਦਾ ਮਾਹੀਆ
ਨੀ ਮੈਂ ਗਲੀ ਵਿਚੋਂ ਮੋੜਿਆ...
ਬਾਜਰੇ ਦਾ ਸਿੱਟਾ...

ਬੈਣੋ ਸਬਾਤ ਵਿਚ ਜਾਂਦੀ ਹੈ। ਸ਼ੀਸ਼ਾ ਦੇਖਦੀ ਹੈ, ਗੁੱਤ ਕਰਦੀ ਹੈ ਤੇ ਹਰੀ ਚੁੰਨੀ ਲੈਂਦੀ ਹੈ। ਨਵੀਂ ਜੁੱਤੀ ਪਾਉਂਦੀ ਹੈ।

(ਯਕਦਮ ਸੰਤੀ ਉਸ ਨੂੰ ਦੇਖ ਕੇ ਕੜਕਦੀ ਹੈ।)

ਸੰਤੀ : ਕਿਥੇ ਚਲੀ ਹੈਂ ?

ਬੈਣੋ : ਪੀਂਘ ਝੂਟਣ। ਟੋਭੇ ਵਾਲੇ ਪਿੱਪਲ ਉਤੇ।

ਸੰਤੀ : ਖ਼ਬਰਦਾਰ ਜੇ ਉਥੇ ਗਈ।

ਬੈਣੋ : ਸਾਰੀਆਂ ਕੁੜੀਆਂ ਗਈਆਂ ਨੇ ਪੀਂਘ ਝੂਟਣ। ਗਿੱਧਾ ਪਾਉਣ ਤੇ ਤੀਆਂ ਖੇਡਣ। ਮੈਂ ਕਿਉਂ ਨਾ ਜਾਵਾਂ ?

ਸੰਤੀ : ਬਾਜ ਨਹੀਂ ਆਉਣਾ ? ਸੰਘੀ ਘੁਟ ਸੁਟਾਂਗੀ ਤੇਰੀ।

ਬੈਣੋ : ਕਿਉਂ ਰੋਕਦੀ ਹੈਂ ਮੈਨੂੰ ?

ਸੰਤੀ : ਪਤਾ ਹੈ ਤੈਨੂੰ ? ਪ੍ਰਤਾਪੇ ਦੀ ਜੁਆਨ ਧੀ ਨੂੰ ਦੋ ਚੋਬਰ ਲੈ ਗਏ ਸਨ ਚਰ੍ਹੀਆਂ ਦੇ ਖੇਤਾਂ ਵਿਚ। ਉਥੇ ਮੂੰਹ ਕਾਲਾ ਕੀਤਾ ਉਸ ਨਾਲ।

(ਪਿਛੋਕੜ ਵਿਚ ਗਿੱਧਾ ਮਚਦਾ ਹੈ ਤੇ ਗੀਤ ਗੂੰਜਦਾ ਹੈ।)

ਗੀਤ : ਬਾਜਰੇ ਦਾ ਸਿੱਟਾ ਨੀ ਮੈਂ ਤਲੀ ਤੇ ਮਰੋੜਿਆ ...
ਬਾਜਰੇ ਦਾ ਸਿੱਟਾ ...
ਰੁੱਠੜਾ ਜਾਂਦਾ ਮਾਹੀਆ
ਨੀ ਗਲੀ ਵਿਚੋਂ ਮੋੜਿਆ ...
ਬਾਜਰੇ ਦਾ ਸਿੱਟਾ ...

ਸੰਤੀ : ਖੜ੍ਹੀ ਕੀ ਸੁਣਦੀ ਹੈਂ। ਜੇ ਪੀਂਘ ਝੂਟਣੀ ਏਂ ਤਾਂ ਵਿਹੜੇ ਵਿਚ ਝੂਟ, ਉਸ ਪਿੱਪਲ ਦੇ ਡਾਹਣੇ ਨਾਲ।

ਬੈਣੋ : ਇਹ ਡਾਹਣਾ ਪੀਂਘ ਝੂਟਣ ਲਈ ਨਹੀਂ। ਫਾਹਾ ਲੈਣ ਲਈ ਚੰਗਾ ਹੈ।

ਸੰਤੀ : ਕਿਉਂ ਕਬੋਲ ਬੋਲਦੀ ਹੈਂ ? ਇਹ ਦਰੱਖ਼ਤ ਤੇਰੇ ਨਾਲ ਵੱਡਾ ਹੋਇਆ। ਇਸ ਦੀ ਛਾਂ ਹੇਠ ਤੂੰ ਜੁਆਨ ਹੋਈ।

ਬੈਣੋ : ਮੈਂ ਟੋਭੇ ਵਾਲੇ ਪਿੱਪਲ ਉਤੇ ਹੀ ਝੂਟਣ ਜਾਵਾਂਗੀ, ਲੰਮੀ ਉੱਚੀ ਪੀਂਘ ਝੂਟਣ ਤਾਂ ਜੁ ਮੇਰੀਆਂ ਤਲੀਆਂ ਆਸਮਾਨ ਨੂੰ ਛੂਹ ਲੈਣ। ਧਰਤੀ ਪੁੱਠੀ ਹੋ ਜਾਵੇ। ਆਸਮਾਨ ਮੇਰੇ ਪੈਰਾਂ ਵਿਚ ਆ ਡਿਗੇ।

ਸੰਤੀ : (ਗ਼ੁੱਸੇ ਵਿਚ ਤੜਪ ਕੇ) ਮੈਂ ਕਰਦੀ ਹਾਂ ਤੇਰਾ ਇਲਾਜ। ਸੰਗਲ ਪਾ ਕੇ ਰਖੂੰਗੀ

Scanned by CamScanner

ਤੈਨੂੰ ਅੰਦਰ। ਕੋਠੜੀ ਵਿਚ ਡੱਕ ਦਿਆਂਗੀ ਤੈਨੂੰ ਡੈਣੇ! ਦੇਖਦੀ ਆਂ ਤੂੰ ਕਿਵੇਂ ਜਾਨੀ ਐਂ ਬਾਹਰ!

(ਸੰਤੀ ਬੂਹੇ ਵਿਚੋਂ ਬਾਹਰ ਨਿਕਲਦੀ ਹੈ। ਦਰਵਾਜ਼ਾ ਬੰਦ ਕਰਦੀ ਹੈ ਤੇ ਬਾਹਰੋਂ ਕੁੰਡਾ ਜੜ ਦੇਂਦੀ ਹੈ। ਬੈਣੋ ਚੌਂਕਦੀ ਹੈ। ਉਹ ਦੌੜ ਕੇ ਦਰਵਾਜ਼ੇ ਨੂੰ ਖੋਹਲਣ ਦਾ ਯਤਨ ਕਰਦੀ ਹੈ। ਬੰਦ ਦਰਵਾਜ਼ੇ ਉਤੇ ਮੁੱਕੀਆਂ ਮਾਰਦੀ ਹੈ ਤੇ ਚੀਖਦੀ ਹੈ।)

ਬੈਣੋ : ਦਰਵਾਜ਼ਾ ਕਿਉਂ ਬੰਦ ਕਰ ਦਿਤਾ ? ਕੁੰਡਾ ਕਿਉਂ ਜੜ ਦਿਤਾ ਵਿਹੜੇ ਨੂੰ ਜ਼ਾਲਮੇ ? ਖੋਲ੍ਹ ਦਰਵਾਜ਼ਾ। ਕਿਉਂ ਤਾੜ ਰਖਿਐ ਮੈਨੂੰ ਇਸ ਵਿਹੜੇ ਵਿਚ ? ਦਰਵਾਜ਼ਾ ਖੋਲ੍ਹ। ਹਾਏ ਰੱਬਾ! ਮੇਰਾ ਪਿੰਡਾ ਕਿਉਂ ਤਪ ਰਿਹੈ ? ਰਾਤ ਨੂੰ ਮੰਜੀ ਉਤੇ ਪਈ ਅੱਡੀਆਂ ਕਿਉਂ ਰਗੜਦੀ ਹਾਂ ? ਕਿਉਂ ਮੇਰੀਆਂ ਤਲੀਆਂ ਵਿਚੋਂ ਚੰਗਿਆੜੇ ਨਿਕਲਦੇ ਨੇ। ਹਾਏ ਰੱਬਾ!

ਬਾਜਰੇ ਦਾ ਸਿੱਟਾ ਨੀ ਮੈਂ ਤਲੀ ਤੇ ਮਰੋੜਿਆ...

ਬਾਜਰੇ ਦਾ ਸਿੱਟਾ...

ਤੇਜ਼ ਲੈਅ ਵਿਚ ਜੋਸ਼ ਤੇ ਮਸਤੀ ਦੀਆਂ ਘੁੰਮਣਘੇਰੀਆਂ ਤੜਪਦੀਆਂ ਹਨ। ਬੈਣੋ ਦੌੜ ਕੇ ਕੱਚੀ ਕੰਧ ਦੇ ਮਘੋਰੇ ਵਿਚੋਂ ਬਾਹਰ ਝਾਕਦੀ ਹੈ। ਕੰਧ ਉਤੇ ਮੁੱਕੀਆਂ ਮਾਰਦੀ ਹੈ। ਉਹ ਗੀਤ ਦੀ ਲੈਅ ਦੇ ਨਾਲ ਵਾਲ ਖੋਲ੍ਹ ਕੇ ਕੂਕਾਂ ਮਾਰਦੀ ਹੋਈ ਨੱਚਦੀ ਹੈ। ਇਹ ਨੱਚਣਾ ਵਹਿਸ਼ੀ ਰੂਪ ਧਾਰ ਲੈਂਦਾ ਹੈ। ਲੈਅ ਦੀ ਤੇਜ਼ੀ ਨਾਲ ਬੈਣੋ ਨੂੰ ਦੰਦਲਾਂ ਪੈਣ ਲਗਦੀਆਂ ਹਨ ਤੇ ਉਹ ਵਿਹੜੇ ਵਿਚ ਲੋਟਣੀਆਂ ਖਾਂਦੀ ਹੈ। ਉਸ ਦਾ ਕਾਮ-ਮੱਤਾ ਵੇਗ ਸਿਖਰ ਉਤੇ ਪੁਜਦਾ ਹੈ ਤੇ ਹੌਲੀ ਹੌਲੀ ਸ਼ਾਂਤ ਹੋ ਜਾਂਦਾ ਹੈ।

ਬਾਹਰ ਗਿੱਧਾ ਤੇ ਗੀਤ ਬੰਦ ਹੋ ਜਾਂਦੇ ਹਨ। ਬੈਣੋ ਦੇ ਚਿਹਰੇ ਉਤੇ ਪਸੀਨਾ ਤੇ ਸਾਹ ਚੜ੍ਹਿਆ ਹੋਇਆ ਹੈ। ਉਹ ਹਫ਼ ਰਹੀ ਹੈ।

(ਸੰਤੀ ਬਾਹਰੋਂ ਬੂਹੇ ਦਾ ਕੁੰਡਾ ਖੋਲ੍ਹ ਕੇ ਅੰਦਰ ਆਉਂਦੀ ਹੈ। ਬੈਣੋ ਨੂੰ ਦੇਖਦੀ ਹੈ।)

ਸੰਤੀ : ਕੀ ਹੋ ਗਿਆ ਤੈਨੂੰ, ਚੰਦਰੀਏ। ਕਿਉਂ ਕਲੇਸ਼ ਪਾਇਆ ਘਰ ਵਿਚ।

(ਬੈਣੋ ਜ਼ਮੀਨ ਉਤੇ ਪਈ ਸਿਸਕ ਰਹੀ ਹੈ। ਸੰਤੀ ਉਸ ਨੂੰ ਗੁੱਸੇ ਭਰੀਆਂ ਨਜ਼ਰਾਂ ਨਾਲ ਦੇਖਦੀ ਹੈ। ਹੌਲੀ ਹੌਲੀ ਉਹ ਡੂੰਘੀ-ਸੋਚ ਵਿਚ ਡੁੱਬ ਜਾਂਦੀ ਹੈ।)

(ਫ਼ੇਡ ਆਊਟ)

(ਸੰਤੀ ਭੱਠੀ ਨੂੰ ਫੂਕਾਂ ਲਾ ਕੇ ਭਖਾਉਂਦੀ ਹੈ। ਦੋ ਫਾਲੇ ਅੱਗ ਵਿਚ ਸੁਟਦੀ ਹੈ। ਬਣਸੋ ਲੋਹੇ ਦਾ ਵੱਡਾ ਕੜਛਾ ਫੜੀ ਦਾਖ਼ਿਲ ਹੁੰਦੀ ਹੈ।)

ਬਣਸੋ : ਅੱਗ ਮੰਗਣ ਆਈ ਹਾਂ ਤੇਰੇ ਕੋਲੋਂ। ਮੇਰੇ ਕੜਛੇ 'ਚ ਦੋ ਚਾਰ ਅੰਗਿਆਰ ਪਾ ਦੇਹ।

ਸੰਤੀ : ਹਾਲੇ ਭੱਠੀ ਮਘੀ ਨਹੀਂ।

ਬਣਸੋ : ਤੂੰ ਵੀਹ ਵਾਰ ਮੇਰੇ ਤੰਦੂਰ ਤੋਂ ਅੱਗ ਲੈਣ ਆਈ ਹੋਵੇਂਗੀ। ਮੈਂ ਵੀ ਕਦੇ ਮੋੜਿਆ ਤੈਨੂੰ ਇਸ ਤਰ੍ਹਾਂ ?

Scanned by CamScanner

ਸੰਤੀ : ਕਿਸੇ ਵੇਲੇ ਜੇ ਮੈਂ ਦੋ ਕੋਲੇ ਲੈ ਆਈ ਸੀ ਤੇਰੇ ਘਰੋਂ ਤਾਂ ਹੁਣ ਤੀਕ ਪਛਤਾਉਂਦੀ ਹਾਂ। ਲੋਕਾਂ ਤੇ ਪੱਟੂ ਪਾਉਂਦੀ ਫਿਰਦੀ ਐਂ!

ਬਣਸੋ : ਸਾਂਭ ਕੇ ਰੱਖ ਆਪਣੇ ਮਰਦ ਨੂੰ। ਉਸ ਰਾਤ ਤੂੰ ਮੇਰੇ ਬੂਹੇ ਉਤੇ ਦੁਹੱਥੜ ਮਾਰੇ ਤਾਂ ਮੈਂ ਆਖਿਆ, ਪਿੱਟੀ ਜਾਹ ਆਪਣੇ ਖਸਮ ਨੂੰ। ਮਾਰ ਟੱਕਰਾਂ ਕੰਧ ਨਾਲ। ਜੇ ਉਸ ਨੇ ਡੱਬ ਵਿਚ ਬੋਤਲ ਦੇ ਕੇ ਮੇਰੇ ਕੋਲ ਆਉਣਾ ਹੈ ਤਾਂ ਤੇਰੇ ਵਰਗੀਆਂ ਸੌ ਜਣੀਆਂ ਨਹੀਂ ਰੋਕ ਸਕਦੀਆਂ। ਸਭ ਦੇ ਸਾਹਮਣੇ ਹਿੱਕ ਠੋਕ ਕੇ ਰਹਿੰਦੀ ਹਾਂ। ਜੇ ਇਸ ਤਰ੍ਹਾਂ ਨਾ ਰਹਾਂ ਤਾਂ ਤੇਰੇ ਵਰਗੀਆਂ ਮੈਨੂੰ ਦੋ ਦਿਨ ਨਾ ਜੀਣ ਦੇਣ। ਕਿਸੇ ਦਾ ਦਿੱਤਾ ਖਾਨੀ ਆਂ ? ਰੋਟੀਆਂ ਲਾਉਂਦੀ ਹਾਂ ਪਰ ਜੇ ਕੋਈ ਉਥੇ ਪਊਆ ਪੀ ਕੇ ਆ ਜਾਵੇ ਤਾਂ ਮੇਰਾ ਕੀ ਲੈਂਦੇ ? ਤੇਰੇ ਵਾਂਗ ਮੈਂ ਸੁੱਚੀ ਕਲੀ ਦਾ ਪੋਚਾ ਨਹੀਂ ਫੇਰਦੀ।

ਸੰਤੀ : ਮੇਰਾ ਵੇਹੜਾ ਸੁੱਚਾ ਤੇ ਮੇਰੀ ਦੇਹ ਵੀ ਸੁੱਚੀ।

ਬਣਸੋ : ਤੇ ਤੇਰੀ ਧੀ ?

ਸੰਤੀ : ਮੇਰੀ ਧੀ ਵੀ ਸੁੱਚੀ।

ਬਣਸੋ : ਫੇਰ ਉਹਦੇ ਸਹੁਰਿਆਂ ਨੇ ਰਿਸ਼ਤਾ ਕਿਉਂ ਛਡ ਦਿਤਾ ?

ਸੰਤੀ : ਕੌਣ ਆਖਦੈ ? ਜੀਭ ਨਾ ਵੱਢ ਸੁਟਾਂ ਆਖਣ ਵਾਲੇ ਦੀ।

ਬਣਸੋ : ਜੇ ਨਹੀਂ ਛਡਿਆ ਤਾਂ ਛਡ ਦੇਣਗੇ।

ਸੰਤੀ : ਤੇਰੇ ਵਰਗੀਆਂ ਦਾ ਇਹੋ ਕੰਮ ਰਹਿ ਗਿਆ, ਕਿਸੇ ਦਾ ਘਰ ਉਜਾੜਨ ਜਾਂ ਰਿਸ਼ਤੇ ਤੋੜਨ ਦਾ। ਤੈਨੂੰ ਦੱਸ ਦੇਵਾਂ, ਪਰਸੋਂ ਹੀ ਮੁੰਡੇ ਨੂੰ ਸੋਨੇ ਦਾ ਕੜਾ ਪਾ ਕੇ ਆਏ ਹਾਂ। ਉਸ ਨੇ ਮੇਰੀ ਧੀ ਦੇਖੀ ਹੈ ਤੇ ਆਖਦੈ, 'ਵਿਆਹ ਕਰਾਂਗਾ ਤਾਂ ਬੈਣੋ ਨਾਲ। ਕੋਈ ਨਹੀਂ ਟਾਲ ਸਕਦਾ ਇਸ ਵਿਆਹ ਨੂੰ।' ਬੈਣੋ ਨੂੰ ਆਪ ਬੜਾ ਚਾਅ ਐ ਇਸ ਵਿਆਹ ਦਾ। ਅਗਲੇ ਐਤਵਾਰ ਕੁੜੀਆਂ ਨੂੰ ਗਾਉਣ ਬਿਠਾ ਦੇਣੈ। ਢੋਲਕ ਉਤੇ ਸਾਵੀ ਮਹਿੰਦੀ ਲਾ ਦੇਣੀ ਐਂ।

ਬਣਸੋ : ਨੀ ਛਡ ਇਸ ਪਖੰਡ ਨੂੰ। ਜਾਹ ਜਾ ਕੇ ਵਾੜੇ ਵਿਚ ਦੇਖ! ਬੈਣੋ ਧਾਰ ਕੱਢਣ ਗਈ ਹੈ ਕਿ ਸਰਬਣ ਨਾਲ ਤੂੜੀ ਵਾਲੇ ਕੋਠੇ ਵਿਚ ਖੇਹ ਖਾਣ।

(ਛਾਤੀ ਤਾਣ ਕੇ ਬਣਸੋ ਚਲੀ ਜਾਂਦੀ ਹੈ। ਸੰਤੀ ਗ਼ੁੱਸੇ ਵਿਚ ਭਰੀ ਪੀਤੀ ਤੱਕਦੀ ਹੈ।)

(ਹਨੇਰਾ)

## ਸੀਨ – ਦੂਜਾ

(ਸ਼ਾਮ ਦਾ ਵੇਲਾ। ਸੰਤੀ ਭੱਠੀ ਵਿਚੋਂ ਸੁਆਹ ਕਢ ਰਹੀ ਹੈ। ਹੱਥ ਸੁਆਹ ਨਾਲ ਲਿਬੜੇ ਹੋਏ ਹਨ। ਚਿਹਰੇ ਤੋਂ ਮੁੜ੍ਹਕਾ ਪੂੰਝਦੀ ਹੈ। ਗੱਜਣ ਦਾਖ਼ਿਲ ਹੁੰਦਾ ਹੈ ਤੇ ਸੰਤੀ ਯਕਦਮ ਮੁੜ ਕੇ ਉਸ ਵੱਲ ਕੌੜੀਆਂ ਨਜ਼ਰਾਂ ਨਾਲ ਦੇਖਦੀ ਹੈ।)

ਗੱਜਣ : ਮੇਰਾ ਹਲ ਤਿਆਰ ਹੋ ਗਿਆ ?

ਸੰਤੀ : ਹਾਂ।

ਗੱਜਣ : ਫਾਲਾ ਚੰਡ ਦਿਤਾ ?

Scanned by CamScanner

ਸੰਤੀ : ਹਾਂ।

ਗੱਜਣ : ਮੀਂਹ ਪੈਣ ਨਾਲ ਧਰਤੀ ਨਰਮ ਤੇ ਸ਼ੱਕਰ-ਰੰਗੀ ਹੋ ਗਈ ਹੈ। ਟਿੱਬਿਆਂ ਉੱਤੇ ਵੀ ਬਾਜਰੇ ਦੇ ਸਿੱਟੇ ਝੂਮਣਗੇ।

(ਵਕਫ਼ਾ)

ਗੱਜਣ : ਕਾਕੂ ਕਿਥੇ ਗਿਆ ਏ ?

ਸੰਤੀ : ਪੰਡਿਤ ਕੋਲ ਗਿਆ ਸੀ। ਸਭ ਨਛੱਤਰ ਠੀਕ ਨੇ।

ਗੱਜਣ : ਸੰਤੀਏ, ਪੰਡਿਤਾਂ ਦੇ ਕਢੇ ਹੋਏ ਨਛੱਤਰ ਘੱਟ ਹੀ ਠੀਕ ਹੁੰਦੇ ਨੇ। ਤਾਰਿਆਂ ਦੀ ਚਾਲ ਦਾ ਕਿਸ ਨੂੰ ਪਤਾ ? ਸਾਉਣ ਦੇ ਬੱਦਲਾਂ ਦਾ ਕੀ ਭਰੋਸਾ, ਕਿਥੇ ਵੱਸਣ। ਜੱਟ ਜਦ ਹਲ ਚਲਾਉਂਦਾ ਹੈ ਤਾਂ ਸਾਉਣ ਦੇ ਬੱਦਲਾਂ ਦੀ ਕਣੀ ਬਲਦ ਦੇ ਇਕ ਸਿੰਗ ਉੱਤੇ ਪੈਂਦੀ ਹੈ ਤੇ ਦੂਜਾ ਸਿੰਗ ਸੁੱਕਾ। ਤੀਵੀਂ ਦਾ ਪਿਆਰ ਵੀ ਸਾਉਣ ਦਾ ਬੱਦਲ ਹੈ। ਸੰਤੀਏ, ਮੈਂ ਇਸੇ ਛਿੱਟੇ ਨੂੰ ਉਡੀਕਦਾ ਰਿਹਾ।

ਸੰਤੀ : ਕੀ ਝਾਕਦਾ ਹੈਂ ?

ਗੱਜਣ : ਤੈਨੂੰ ਦੇਖਦਾ ਹਾਂ। ਕਦੇ ਮੌਕਾ ਨਾ ਮਿਲਿਆ ਤੈਨੂੰ ਇਸ ਤਰ੍ਹਾਂ ਦੇਖਣ ਦਾ।

ਸੰਤੀ : ਉਦੋਂ ਆਇਆ ਕਰ ਜਦੋਂ ਬੈਣੋ ਦਾ ਬਾਪੂ ਘਰ ਹੋਵੇ। ਲੋਕ ਗੱਲਾਂ ਕਰਦੇ ਨੇ।

ਗੱਜਣ : ਕਿਉਂ, ਭੱਠੀ ਵਿਚੋਂ ਬਦਨਾਮੀ ਦਾ ਧੂੰਆਂ ਉਠਦਾ ਦਿਸਦੈ ?

ਸੰਤੀ : ਹਾਂ ਬਦਨਾਮੀ। ਢਾਬ ਉੱਤੇ ਮਿਲਣ ਦੀ ਬਦਨਾਮੀ ਹੁਣ ਤੀਕ ਨਹੀਂ ਗਈ।

ਗੱਜਣ : ਉਹਨਾਂ ਨੂੰ ਮੁੱਦਤਾਂ ਬੀਤ ਗਈਆਂ। ਮੈਂ ਤੇਰੇ ਨਾਲ ਦਿਲ ਦੀ ਗੱਲ ਕਰਨ ਲਈ ਸਹਿਕਦਾ ਰਿਹਾ। ਜਿੰਨਾ ਮੈਂ ਤੇਰੇ ਵੱਲ ਵਧਿਆ ਉਨਾ ਤੂੰ ਪਿਛੇ ਹਟਦੀ ਗਈ। ਮੇਰਾ ਮਨ ਉਖੜਿਆ ਉਖੜਿਆ ਰਹਿੰਦਾ। ਖੇਤ ਉਜੜ ਗਿਆ। ਕਣਕ ਦੀ ਥਾਂ ਪੋਹਲੀ ਉੱਗ ਆਈ। ਹਰ ਚੀਜ਼ ਵੀਰਾਨ। ਹਰ ਚੀਜ਼ ਸੁੰਨੀ ਤੇਰੇ ਬਗ਼ੈਰ। ਕਈ ਵਾਰੀ ਜੀਅ ਕੀਤਾ ਕਿ ਪਿੰਡ ਛਡ ਜਾਵਾਂ। ਪਰ ਜੱਟ ਉਦੋਂ ਪਿੰਡ ਛਡਦੈ ਜਦੋਂ ਉਹ ਸਾਧ ਬਣ ਜਾਏ ਜਾਂ ਕਿਸੇ ਤੀਵੀਂ ਨੂੰ ਕਢ ਕੇ ਲੈ ਜਾਵੇ। ਇਕ ਵਾਰੀ ਪਿੰਡ ਛੱਡਣ ਦਾ ਮੌਕਾ ਆਇਆ ਸੀ...ਯਾਦ ਐ ਤੂੰ ਢਾਬ ਉੱਤੇ ਦਿਨ ਛਿਪੇ ਆਉਣ ਦਾ ਇਕਰਾਰ ਕੀਤਾ ਸੀ।

ਸੰਤੀ : ਉਹ ਗੱਲ ਨਾ ਛੇੜ। ਉਹ ਗੱਲ ਉਥੇ ਹੀ ਮਰ ਮੁੱਕ ਗਈ। ਮੈਂ ਮੰਗੀ ਹੋਈ ਸਾਂ ਤੇ ਮੇਰਾ ਵਿਆਹ ਹੋਣ ਵਾਲਾ ਸੀ। ਕਿਵੇਂ ਆਉਂਦੀ ? ਇਹੋ ਜਿਹਾ ਕਾਰਾ ਕੋਈ ਭੈੜੀ ਤੀਵੀਂ ਹੀ ਕਰਦੀ ਹੈ।

ਗੱਜਣ : ਮੈਨੂੰ ਨਹੀਂ ਪਤਾ ਕੀ ਚੀਜ਼ ਭੈੜੀ ਐ। ਉਸ ਰਾਤ ਮੈਂ ਤੈਨੂੰ ਉਡੀਕਿਆ। ਤਾਰਿਆਂ ਦੀ ਖਿੱਤੀ ਅਸਮਾਨ ਵਿਚ ਢਲ ਗਈ ਤੇ ਸਰਕੰਡੇ ਹਵਾ ਵਿਚ ਝੂਮਦੇ ਰਹੇ ... ਪਰ ਤੂੰ ਨਾ ਆਈ।

ਸੰਤੀ : ਦੇਖਦਾ ਨਹੀਂ ਹੁਣ ਮੇਰੀ ਧੀ ਸਿਆਣੀ ਹੋ ਗਈ ਐ ?

ਗੱਜਣ : ਦੇਖਦਾ ਹਾਂ ? ਤੇ ਤੇਰੇ ਬਾਰੇ ਸੋਚਦਾ ਹਾਂ। ਹਮੇਸ਼ਾ ਤੇਰੇ ਹੀ ਬਾਰੇ। ਇਸੇ ਕਰ ਕੇ ਮੈਂ ਵਿਆਹ ਨਾ ਕਰਵਾਇਆ।

ਸੰਤੀ : ਮੈਨੂੰ ਇਸ ਦਾ ਮੇਹਣਾ ਨਾ ਦੇਹ!

ਗੱਜਣ : ਅਜੇ ਵੀ ਤੂੰ ਮੇਰੀ ਹਿਕ ਵਿਚ ਵਸੀ ਹੋਈ ਹੈਂ।

ਸੰਤੀ : ਹੁਣੇ ਜੇ ਉਹ ਆ ਜਾਵੇ ਤਾਂ ਤੇਰਾ ਸਿਰ ਪਾੜ ਸੁਟੇ।

Scanned by CamScanner

ਗੱਜਣ : ਉਹ ਪੰਡਿਤ ਕੋਲ ਨਹੀਂ ਗਿਆ। ਲਾਗਲੇ ਪਿੰਡ ਮੰਗਲ ਸੁਨਿਆਰ ਕੋਲ ਬੈਠਾ ਇਸ ਵੇਲੇ ਦਾਰੂ ਪੀ ਰਿਹੈ। ਇਹੋ ਵੇਲਾ ਸੀ ਮੇਰੇ ਆਉਣ ਦਾ।

ਸੰਤੀ : ਆਪਣਾ ਹਲ ਚੁਕ ਤੇ ਇਥੋਂ ਤੁਰਦਾ ਬਣ।

ਗੱਜਣ : ਤੂੰ ਸਮਝਦੀ ਐਂ ਮੈਂ ਇਥੇ ਹਲ ਦਾ ਫਾਲਾ ਚੰਡਾਉਣ ਆਉਂਦਾ ਹਾਂ ? ਮੈਂ ਤਾਂ ਇਸ ਵੇਹੜੇ 'ਚ ਆਉਂਦੈਂ ਤੈਨੂੰ ਦੇਖਣ ਲਈ। ਪਿੰਡ ਤੋਂ ਆਉਣ ਲਗੇ ਪੰਜ ਕੋਹ ਦੀ ਵਾਟ ਬਸ ਪੰਜ ਕਰਮ ਲਗਦੀ ਐ। ਕਈ ਵਾਰ ਮੈਂ ਉਸੇ ਟੋਭੇ ਉਤੇ ਜਾਂਦਾ ਹਾਂ ਜਿਥੇ ਤੂੰ ਤੇ ਮੈਂ ਇਕੱਠੇ ਖੇਡੇ ਸਾਂ। ਇਕੱਠੇ ਪਿੱਪਲਾਂ ਤੇ ਚੜ੍ਹੇ ਸਾਂ। ਇਕੱਠੇ ਕੌਲ ਕਰਾਰ ਕੀਤੇ ਸਨ। ਇਕੱਠੇ ਬਾਹਾਂ ਤੇ ਚੰਦ ਖੁਣਵਾਏ ਸਨ। ਆਹ ਦੇਖ ਮੇਰੀ ਬਾਂਹ ਤੇ ਹੁਣ ਤੀਕ ਇਹ ਚੰਦ ਹਰੇ ਰੰਗ ਵਿਚ ਚਮਕ ਰਿਹੈ--ਪੈਂਚਵੀਂ ਦਾ ਚੰਦ।

ਸੰਤੀ : ਚਲਿਆ ਜਾਹ ਮੇਰੇ ਘਰੋਂ। ਲੁੱਚਾ ਕਿਸੇ ਥਾਂ ਦਾ।

ਗੱਜਣ : ਤੂੰ ਗਾਲ੍ਹ ਕਢਦੀ ਹੈਂ, ਤਾਂ ਹੋਰ ਅੱਗ ਮੱਚਦੀ ਐ ਮੇਰੇ ਅੰਦਰ। ਤੂੰ ਜਿੰਨੀ ਮਰਜ਼ੀ ਆਏ ਗਾਲ੍ਹਾਂ ਕਢ ? ਮੈਨੂੰ ਬੁਰਾ ਆਖ, ਪਰ ਤੇਰੇ ਜਿਸਮ 'ਚ ਹੁਣ ਵੀ ਕਿਤੇ ਰੜਕਦੇ ਹੋਣਗੇ ਮੇਰੇ ਹੱਥ। ਇਹਨਾਂ ਹੱਥਾਂ ਨੇ ਤੈਨੂੰ ਬੋਚ ਕੇ ਕਈ ਵਾਰ ਪਿੱਪਲ ਦੇ ਡਾਹਣੇ ਤੋਂ ਹੇਠਾਂ ਲਾਹਿਆ ਸੀ। ਇਕ ਵਾਰ ਤੇਰੀ ਚੁੰਨੀ ਟੋਭੇ ਵਿਚ ਡਿਗ ਪਈ ਤਾਂ ਮੈਂ ਛਾਲ ਮਾਰ ਕੇ ਕੱਢੀ ਸੀ। ਇਸੇ ਹੱਥ ਉਤੇ ਦੰਦੀ ਵੱਢ ਕੇ ਤੂੰ ਸਹੁੰ ਖਾਧੀ ਸੀ ਸਦਾ ਮੇਰੇ ਨਾਲ ਰਹਿਣ ਦੀ। ਇਹਨਾਂ ਹੱਥਾਂ ਨੂੰ ਤੂੰ ਕਿਵੇਂ ਭੁਲ ਸਕਦੀ ਹੈਂ ?

ਸੰਤ : ਖ਼ਬਰਦਾਰ ਜੇ ਮੈਨੂੰ ਹੱਥ ਲਾਇਆ! ਮੈਂ ਵਿਆਹੀ ਗਈ। ਮੇਰੀ ਧੀ ਜਵਾਨ ਹੋ ਗਈ। ਮੈਂ ਭੱਠੀ ਦੇ ਮਾਲਕ ਦੀ ਸੁਹਾਗਣ ਬੀਵੀ ਹਾਂ। ਅੱਗੇ ਵਧਿਆ ਤਾਂ ਭੱਠੀ ਵਿਚ ਬਲਦਾ ਹੋਇਆ ਇਹੋ ਲੋਹਾ ਤੇਰੇ ਮੱਥੇ ਵਿਚ ਮਾਰਾਂਗੀ।

ਗੱਜਣ : ਮਾਰ ਇਹ ਲੋਹਾ ਮੇਰੇ ਮੱਥੇ ਵਿਚ! ਇਕ ਨਿਸ਼ਾਨ ਹੋਰ ਪੈ ਜਾਵੇਗਾ ਤੇਰੇ ਪਿਆਰ ਦਾ। ਇਕ ਹੋਰ ਜ਼ੁਲਮ। ਪਰ ਤੂੰ ਕਿਵੇਂ ਮਾਰੇਂਗੀ ? ਭੁੱਲ ਗਈ ਏਂ ਆਪਣੇ ਵਾਇਦੇ ? ਪਿੱਪਲ ਹੇਠ ਖੜ੍ਹੀ ਹੋ ਕੇ ਤੂੰ ਟੋਭੇ ਦੀ ਚੂਲੀ ਭਰ ਕੇ ਕੀ ਆਖਿਆ ਸੀ ?

ਸੰਤੀ : ਕਿਉਂ ਦੱਬੇ ਮੁਰਦੇ ਪੱਟੀ ਜਾਨੈ ? ਉਹ ਸਾਰੀਆਂ ਗੱਲਾਂ ਉਦੋਂ ਸਨ ਜਦੋਂ ਮੈਂ ਅਣਜਾਣ ਸਾਂ। ਮੈਨੂੰ ਨਹੀਂ ਪਤਾ ਮੈਂ ਕੀ ਆਖਿਆ ਸੀ ਤੈਨੂੰ। ਬਚਪਨ ਦੀਆਂ ਖੇਡਾਂ ਸਨ। ਰਾਜੇ ਰਾਣੀ ਦੀਆਂ ਕਹਾਣੀਆਂ। ਪਰੀਆਂ ਤੇ ਦੇਓਆਂ ਦੇ ਕਿੱਸੇ। ਝੂਠੇ ਸੁਫ਼ਨੇ ਤੇ ਝੂਠੀਆਂ ਰੀਝਾਂ। ਤੀਵੀਂ ਜਦੋਂ ਅੱਗ ਦੁਆਲੇ ਮਰਦ ਦਾ ਲੜ ਫੜ ਕੇ ਤੁਰਦੀ ਹੈ ਤਾਂ ਇਸ ਅੱਗ ਵਿਚ ਪਿਛਲਾ ਸਭ ਕੁਝ ਭਸਮ ਹੋ ਜਾਂਦੈ। ਮਾਂ ਬਾਪ ਪਰਾਏ ਹੋ ਜਾਂਦੇ ਹਨ। ਆਪਣਾ ਵੇਹੜਾ ਬਗਾਨਾ। ਹਰ ਮਰਦ ਓਪਰਾ। ਤੂੰ ਮੇਰੇ ਲਈ ਓਪਰਾ ਮਰਦ ਹੈਂ। ਖ਼ਬਰਦਾਰ ਜੇ ਅੱਗੇ ਵਧਿਆ ਤਾਂ।

(ਗੱਜਣ ਉਸਨੂੰ ਹੱਥ ਪਾਉਂਦਾ ਹੈ। ਸੰਤੀ ਸ਼ੇਰਨੀ ਵਾਂਗ ਉਸ ਉਤੇ ਝਪਟਦੀ ਹੈ। ਉਸ ਦੇ ਵਾਲ ਖੁਲ੍ਹ ਜਾਂਦੇ ਹਨ ਤੇ ਉਹ ਚੰਡੀ ਦਾ ਰੂਪ ਬਣ ਜਾਂਦੀ ਹੈ।)

ਸੰਤੀ : ਨਿਕਲ ਜਾਹ ਕੁੱਤਿਆ ਮੇਰੇ ਘਰੋਂ। ਅੱਖਾਂ ਕੱਢ ਸੁੱਟਾਂਗੀ ਤੇਰੀਆਂ!

(ਉਹ ਗੱਜਣ ਦੇ ਮੂੰਹ ਉਤੇ ਘਰੂਟੇ ਵਢਦੀ ਹੈ ਤੇ ਉਸ ਨੂੰ ਕੰਧ ਨਾਲ ਮਾਰਦੀ ਹੈ। ਖ਼ੁਦ ਹਫ਼ਦੀ ਹੋਈ ਵੇਹੜੇ ਵਿਚ ਡਿਗ ਪੈਂਦੀ ਹੈ।)

Scanned by CamScanner

ਨਿਕਲ ਜਾਹ ਮੇਰੇ ਵੇਹੜੇ 'ਚੋਂ ਕਲਜੋਗੀਆ। (ਧਰਤੀ ਪਿੱਟ ਕੇ) ਟੋਟੇ ਕਰਵਾ ਦੇਵਾਂਗੀ ਤੇਰੇ ਜੇ ਦੁਬਾਰਾ ਇਥੇ ਪੈਰ ਪਾਇਆ।

(ਬੈਣੋ ਆਉਂਦੀ ਹੈ। ਉਹ ਇਕ ਮਿੰਟ ਰੁਕਦੀ ਹੈ, ਮਾਂ ਵਲ ਦੇਖਦੀ ਹੈ। ਗੱਜਣ ਹਲ ਚੁੱਕ ਕੇ ਚਲਾ ਜਾਂਦਾ ਹੈ।)

ਸੰਤੀ : ਆਪਣਾ ਹਲ ਚੁੱਕਣ ਆਇਆ ਸੀ। ਆਖਣ ਲਗਾ ਤੇਰਾ ਬਾਪੂ ਬਣਸੋ ਕੋਲ ਜਾਂਦਾ ਹੈ। ਮੈਨੂੰ ਗ਼ੁੱਸਾ ਚੜ੍ਹ ਗਿਆ ਤੇ ਮੈਂ ਉਸ ਦਾ ਮੂੰਹ ਘਰੂਟ ਦਿਤਾ। ਕਿਸੇ ਦੀ ਕੀ ਮਜਾਲ ਕਿ ਤੇਰੇ ਬਾਪੂ ਬਾਰੇ ਕੋਈ ਇਹੋ ਜਿਹੀ ਗੱਲ ਆਖੇ।

(ਬੈਣੋ ਇਕ ਪਲ ਖੜ੍ਹੀ ਉਸ ਵੱਲ ਦੇਖਦੀ ਹੈ। ਸੰਤੀ ਹਫ਼ ਰਹੀ ਹੈ। ਉਸ ਦੇ ਵਾਲ ਖੁੱਲ੍ਹੇ ਤੇ ਅੱਖਾਂ ਵਿਚ ਵਹਿਸ਼ਤ। ਬੈਣੋ ਸੋਚਦੀ ਹੋਈ ਕੋਈ ਫ਼ੈਸਲਾ ਕਰਦੀ ਹੈ ਤੇ ਭੜਕ ਉਠਦੀ ਹੈ।)

ਬੈਣੋ : ਉਹ ਇਥੇ ਕਿਉਂ ਆਉਂਦੈ ?

ਸੰਤੀ : ਕੌਣ ?

ਬੈਣੋ : ਗੱਜਣ।

ਸੰਤੀ : ਉਹ ਆਪਣੇ ਕੰਮ ਆਉਂਦਾ ਹੈ। ਹਲ ਦਾ ਫਾਲ ਚੰਡਾਉਣ ਜਾਂ ਦਾਤਰੀ ਦੇ ਦੰਦੇ ਕਢਾਉਣ।

ਬੈਣੋ : ਹਲ ਦਾ ਫਾਲਾ ਚੰਡਾਉਣ ਖ਼ਾਤਿਰ ਨਹੀਂ, ਤੈਨੂੰ ਮਿਲਣ।

ਸੰਤੀ : ਜੇ ਮੇਰੇ ਵੱਲ ਕੋਈ ਦੂਜਾ ਮਰਦ ਦੇਖ ਵੀ ਜਾਏ ਤਾਂ ਮੈਂ ਅੱਖਾਂ ਕਢ ਸੁਟਾਂ ਉਸ ਦੀਆਂ।

ਬੈਣੋ : ਉਹ ਤੈਨੂੰ ਮਿਲਣ ਆਉਂਦਾ ਹੈ। ਤੈਨੂੰ!

ਸੰਤੀ : ਸ਼ਰਮ ਨਹੀਂ ਆਉਂਦੀ ਤੈਨੂੰ ਇਸ ਤਰ੍ਹਾਂ ਬਕਦੀ ਨੂੰ!

ਬੈਣੋ : ਕਾਹਦੀ ਸ਼ਰਮ ? ਚੀਖ ਚੀਖ ਕੇ ਆਖਾਂਗੀ ਕਿ ਉਹ ਤੈਨੂੰ ਹੀ ਮਿਲਣ ਆਉਂਦਾ ਹੈ। ਮੈਂ ਆਪ ਇਹਨਾਂ ਅੱਖਾਂ ਨਾਲ ਦੇਖਿਆ ਤੈਨੂੰ ਉਸ ਨਾਲ ਘੁਲਦੀ ਨੂੰ ਹੁਣੇ। ਉਹ ਤੈਨੂੰ ਝੰਜੋੜ ਰਿਹਾ ਸੀ। ਤੂੰ ਹਫ ਰਹੀ ਸੈਂ ਉਸ ਦੀਆਂ ਬਾਹਵਾਂ ਵਿਚ।

ਸੰਤੀ : ਮੈਂ ਉਸ ਨੂੰ ਜੁੱਤੀਆਂ ਮਾਰ ਕੇ ਕਢਿਆ ਹੈ ਇਸ ਵੇਹੜੇ 'ਚੋਂ। ਮੈਨੂੰ ਨਹੀਂ ਸੀ ਪਤਾ ਕਿ ਉਸ ਦੇ ਦਿਲ ਵਿਚ ਖੋਟ ਹੈ। ਮੈਂ ਦੁਨੀਆਂ ਦੀ ਹਯਾ ਰਖੀ ਹੋਈ ਐ। ਤੇਰਾ ਬਾਪੂ ਭਾਵੇਂ ਦਾਰੂ ਪੀਂਦਾ ਹੈ ਤੇ ਕਦੇ ਕਦੇ ਮੈਨੂੰ ਮਾਰਦਾ ਵੀ ਐ, ਫਿਰ ਵੀ ਮੈਂ ਉਸੇ ਦੀ ਹਾਂ।

ਬੈਣੋ : ਪਰ ਮੈਂ ਜ਼ੁਲਮ ਨਹੀਂ ਬਰਦਾਸ਼ਤ ਕਰ ਸਕਦੀ।

ਸੰਤੀ : ਕਿਸ ਦਾ ਜ਼ੁਲਮ ?

ਬੈਣੋ : ਤੇਰਾ ਜ਼ੁਲਮ। ਤੇਰਾ ਜ਼ੁਲਮ ਮੇਰੇ ਉਤੇ। ਇਕ ਮਾਂ ਦਾ ਜ਼ੁਲਮ। ਤੂੰ ਮੈਨੂੰ ਵੀ ਆਪਣੇ ਵਰਗਾ ਬਣਾਉਣਾ ਚਾਹੁੰਦੀ ਹੈਂ। ਆਪਣੀ ਮੂਰਤ, ਆਪਣੀ ਹਾਰੀ ਹੋਈ ਬਾਜ਼ੀ ਮੇਰੇ ਸਿਰ ਮੜ੍ਹਨਾ ਚਾਹੁੰਦੀ ਹੈਂ। ਮੈਂ ਆਪਣੀ ਬਾਜ਼ੀ ਨਵੇਂ ਸਿਰਿਓਂ ਖ਼ੁਦ ਖੇਡਾਂਗੀ। ਜੇ ਹਾਰ ਵੀ ਜਾਵਾਂ ਤਾਂ ਇਹ ਮੇਰੀ ਆਪਣੀ ਹਾਰ ਹੋਵੇਗੀ। ਇਕ ਤਰ੍ਹਾਂ ਮੇਰੀ ਜਿੱਤ। ਮੇਰਾ ਆਪਣਾ ਇਰਾਦਾ, ਆਪਣੀ ਦਲੀਲ, ਆਪਣੀ ਮਰਜ਼ੀ। ਆਪਣੀ ਹੋਣੀ ਦੀ ਮੈਂ ਖ਼ੁਦ ਜ਼ਿੰਮੇਵਾਰ ਹਾਂ। ਤੇਰੀ ਜੂਠੀ ਹੋਣੀ ਦੀ ਮੈਂ ਭਾਈਵਾਲ ਨਹੀਂ ਬਣਨਾ ਚਾਹੁੰਦੀ।

ਸੰਤੀ : ਮੇਰੀ ਜੰਮੀ ਤੂੰ ਮੈਨੂੰ ਹੀ ਇਸ ਤਰ੍ਹਾਂ ਬੋਲਦੀ ਹੈਂ ?

Scanned by CamScanner

ਬੈਣੋ : ਹਾਂ! ਮੈਂ ਤੈਥੋਂ ਵਖਰੀ ਹਾਂ ? ਤੇਰੇ ਨਾੜੂਏ ਨਾਲ ਨਹੀਂ ਬੰਨ੍ਹੀ ਹੋਈ। ਇਸ ਨਾੜੂਏ ਦੀ ਤੰਦ ਉਦੋਂ ਕੱਟੀ ਗਈ ਸੀ ਜਦੋਂ ਮੈਂ ਜਵਾਨ ਹੋਈ। ਜਦੋਂ ਮੇਰੇ ਅੰਗਾਂ ਵਿਚ ਰੱਬ ਨੇ ਜਜ਼ਬੇ ਦਾ ਰੰਗ ਭਰ ਦਿਤਾ ਤੇ ਪਿਆਰ ਦਾ ਸੇਕ ਮੇਰੇ ਲਹੂ ਵਿਚ ਤੁਰਨ ਲਗਾ। ਉਸ ਵੇਲੇ ਮੇਰੇ ਅੰਦਰ ਨਵੀਂ ਸੋਚ ਜਾਗੀ, ਇਕ ਅਜੀਬ ਸ਼ਕਤੀ, ਇਕ ਅੰਨ੍ਹੀ ਦਲੇਰੀ ਜੋ ਜਵਾਨੀ ਵਿਚ ਰੱਬ ਇਕੋ ਵਾਰ ਬਖ਼ਸ਼ਦਾ ਹੈ।

ਸੰਤੀ : ਮੇਰੀਏ ਕਮਲੀਏ ਧੀਏ, ਇਸੇ ਤਰ੍ਹਾਂ ਦਾ ਉਬਾਲ ਮੇਰੇ ਮਨ ਵਿਚ ਵੀ ਆਇਆ ਸੀ ਜਦੋਂ ਮੈਂ ਅਠਾਰਾਂ ਸਾਲ ਦੀ ਸਾਂ। ਪਰ ਜਦੋਂ ਮੇਰੇ ਬਾਪ ਨੇ ਮੈਨੂੰ ਵਰ ਟੋਲ ਦਿਤਾ ਤੇ ਰੀਤਾਂ ਰਸਮਾਂ ਨਾਲ ਮੇਰਾ ਵਿਆਹ ਕਰ ਦਿਤਾ ਤਾਂ ਮੈਂ ਕਦੇ ਸੁਪਨੇ ਵਿਚ ਵੀ ਦੂਜਾ ਆਦਮੀ ਨਹੀਂ ਦੇਖਿਆ। ਹੁਣ ਤੇਰੇ ਬਾਪੂ ਨੇ ਤੇਰਾ ਵਰ ਟੋਲ ਦਿਤਾ ਹੈ।

ਬੈਣੋ : ਮੈਨੂੰ ਤੂੰ ਮੜ੍ਹਨਾ ਚਾਹੁੰਦੀ ਹੈਂ ਉਸ ਲੁਹਾਰਾਂ ਦੇ ਮੁੰਡੇ ਨਾਲ ? ਭੱਠੀ ਦੀ ਸੁਆਹ ਵਿਚ ਸਾਰੀ ਉਮਰ ਗਾਲਣ ਲਈ। ਜੋ ਤੂੰ ਸੈਂ ਉਹ ਮੈਂ ਨਹੀਂ ਬਣਨਾ ਚਾਹੁੰਦੀ। ਜਿੰਨਾ ਮਰਜ਼ੀ ਐ ਰੋਕ, ਮੈਂ ਸਰਬਣ ਨੂੰ ਮਿਲਾਂਗੀ।

ਸੰਤੀ : ਤੂੰ ਉਸ ਨੂੰ ਫਿਰ ਮਿਲੀ ਸੈਂ ?

ਬੈਣੋ : ਹਾਂ।

ਸੰਤੀ : ਤੈਨੂੰ ਲੱਜ ਨਾ ਆਈ ? ਮਾਂ ਦੇ ਦੁੱਧ ਦੀ ਸਹੁੰ ਖਾ ਕੇ ਤੂੰ ਬਚਨ ਤੋੜਿਆ।

ਬੈਣੋ : ਮੈਨੂੰ ਸਾਰੇ ਬਚਨ ਭੁਲ ਗਏ ਜਦੋਂ ਉਹ ਮੈਨੂੰ ਮਿਲਿਆ। ਸਭ ਸਹੁੰਆਂ ਝੂਠੀਆਂ ਪੈ ਗਈਆਂ।

ਸੰਤੀ : ਕਦੋਂ ਮਿਲੀ ਸੀ ਉਸ ਨੂੰ ?

ਬੈਣੋ : ਜਦੋਂ ਤੂੰ ਹਰਨਾਮੇ ਦੇ ਘਰ ਸਿਆਪੇ ਤੇ ਗਈ ਸੀ, ਉਦੋਂ। ਮੈਨੂੰ ਪਤਾ ਸੀ ਜੁਆਨ ਪੁੱਤ ਮਰਿਐ ਤੇ ਤੂੰ ਦੋ ਘੰਟੇ ਤੋਂ ਪਹਿਲਾਂ ਨਹੀਂ ਮੁੜਨਾ। ਉਹੀ ਮਰਾਸਣ ਉਹਨਾਂ ਦੇ ਵੇਹੜੇ ਵਿਚ ਖੜੀ ਸਿਆਪਾ ਕਰਵਾ ਰਹੀ ਸੀ ਜੋ ਹੁਣ ਮੇਰੇ ਵਿਆਹ ਦੇ ਗੀਤ ਗਾਉਣ ਆਉਂਦੀ ਹੈ। ਬਾਪੂ ਲਾਗਲੇ ਪਿੰਡ ਗਿਆ ਸੀ ਤੇ ਦੀਪਾ ਆਪਣੇ ਹਾਣੀਆਂ ਨਾਲ ਖੇਡਣ। ਮੈਂ ਇਕੱਲੀ ਸੀ ਘਰ ਵਿਚ ... ਕਈ ਜੁਗਾਂ ਪਿਛੋਂ ਇਕੱਲੀ ... ਦੂਰੋਂ ਮੈਂ ਸਿਆਪੇ ਦੀ ਆਵਾਜ਼ ਸੁਣੀ। ਤੇਰੀ ਆਵਾਜ਼ ਸਭ ਤੋਂ ਉੱਚੀ ਸੀ। ਜਦੋਂ ਤੀਵੀਆਂ ਛਾਤੀਆਂ ਪਿੱਟਣ ਲਗੀਆਂ ਤਾਂ ਮੈਂ ਕੱਚੀ ਕੰਧ ਟੱਪ ਕੇ ਵਾੜੇ ਵਿਚ ਚਲੀ ਗਈ। ਪਹਿਲੀ ਵਾਰ ਮੈਂ ਸਰਬਣ ਨੂੰ ਖੁਲ੍ਹ ਕੇ ਮਿਲੀ। ਜੁਗਾਂ ਤੋਂ ਦੱਬੀ ਹੋਈ ਅੱਗ ਮੱਚ ਉਠੀ। ਮੇਰੀ ਕੁੜਤੀ ਦੇ ਬੀੜੇ ਟੁਟੇ ... ਪਹਿਲੀ ਵਾਰ ਉਸ ਦੇ ਹੱਥਾਂ ਦਾ ਸੇਕ ਮੈਂ ਆਪਣੇ ਅੰਗਾਂ ਵਿਚ ਮਹਿਸੂਸ ਕੀਤਾ। ਉਸ ਦਾ ਸਾਹ ਮੇਰੇ ਸਾਹ ਵਿਚ ਮਿਲ ਗਿਆ। ਪਸ਼ੂਆਂ ਦਾ ਸਾਹ, ਤੂੜੀ ਦੀ ਹੁਮਕ ਮੇਰੇ ਵਾਲਾਂ ਵਿਚ ਖਿਲਰ ਗਈ। ਸਾਰੇ ਸ਼ੋਰ ਗੁਆਚ ਗਏ। ਸਿਰਫ਼ ਸੁਣਦੀ ਸੀ ਉਸ ਦੇ ਦਿਲ ਦੀ ਧਮਕ ... ਸਿਆਪੇ ਦੇ ਬੋਲ ਉੱਚੇ ਹੋ ਗਏ। ਸਰਬਣ ਨੇ ਪੁਛਿਆ, ਇਹ ਤੀਵੀਆਂ ਕਿਸ ਨੂੰ ਪਿੱਟ ਰਹੀਆਂ ਨੇ ? ਮੈਂ ਆਖਿਆ, ਆਪਣੀ ਜਵਾਨੀ ਨੂੰ! ਫਿਰ ਸਿਆਪੇ ਦੀ ਆਵਾਜ਼ ਰੂੰ ਰੂੰ ਵਿਚ ਬਦਲ ਗਈ ਤੇ ਪਿੱਟਣਾ ਬੰਦ ਹੋ ਗਿਆ। ਮੈਂ ਉਸ ਵੇਲੇ ਉਠੀ, ਵੱਛੇ ਨੂੰ ਧੂਹ ਕੇ ਕਿੱਲੇ ਨਾਲ ਬੰਨ੍ਹਿਆ ਤੇ ਕੰਧ ਟੱਪ ਕੇ ਘਰ ਵਾਪਿਸ ਆ ਗਈ। ਜਦੋਂ ਤੂੰ ਆਈ ਤਾਂ ਮੈਂ ਚੁੱਲ੍ਹੇ ਵਿਚ ਅੱਗ ਬਾਲ ਕੇ ਆਟਾ ਗੁੰਨ੍ਹ ਰਹੀ

Scanned by CamScanner

ਸਾਂ। ਤੂੰ ਆ ਕੇ ਮੇਰਾ ਮੱਥਾ ਚੁੰਮਿਆ ਤੇ ਅਸੀਸ ਦਿਤੀ ਕਿ ਮੈਂ ਵੇਹੜੇ ਵਿਚ ਬੈਠੀ ਸੁਹਣੀ ਲਗਦੀ ਸਾਂ।

ਸੰਤੀ : (ਸੱਨਾਟੇ ਵਿਚ) ਕਿਹੜੀ ਮਾਂ ਦਾ ਭੈੜਾ ਦੁੱਧ ਪੀਤਾ ਏ ਤੂੰ ਚੰਦਰੀਏ! ਆਪ ਵੀ ਤਬਾਹ ਹੋਵੇਂਗੀ ਤੇ ਮੈਨੂੰ ਵੀ ਤਬਾਹ ਕਰੇਂਗੀ। ਤੂੰ ਮਰਨ ਨੂੰ ਫਿਰਦੀ ਹੈਂ!

ਬੈਣੋ : (ਗਰਜ ਕੇ) ਹਾਂ! ਇਥੇ ਇਸ ਵੇਹੜੇ ਵਿਚ ਨਾ ਪਿਆਰ ਹੈ ਨਾ ਮੌਤ!

ਸੰਤੀ : ਕਿਉਂ ਸ਼ਰਮ ਹਯਾ ਲਾਹ ਦਿਤੀ ਚੰਡਾਲੇ! ਕਰਦੀ ਹਾਂ ਮੈਂ ਤੇਰਾ ਮੂੰਹ ਕਾਲਾ!

(ਉਹ ਝਈ ਲੈ ਕੇ ਚੁਲ੍ਹੇ ਵੱਲ ਜਾਂਦੀ ਹੈ ਅਤੇ ਤਵੇ ਨੂੰ ਉਲਟਦੀ ਹੈ। ਪੁੱਠੇ ਤਵੇ ਉਤੇ ਹੱਥ ਰਗੜਦੀ ਹੈ ਤੇ ਬੈਣੋ ਵੱਲ ਵਧਦੀ ਹੈ।

ਬੈਣੋ ਚੀਖ ਮਾਰਦੀ ਹੈ। ਗੁੱਸੇ ਨਾਲ ਪਾਗ਼ਲ ਹੋਈ ਸੰਤੀ ਉਸ ਨੂੰ ਧੱਕਾ ਦੇਂਦੀ ਹੈ ਤੇ ਬੈਣੋ ਚੌਫਾਲ ਡਿਗ ਪੈਂਦੀ ਹੈ। ਸੰਤੀ ਉਸ ਉਤੇ ਹਾਵੀ ਹੋ ਜਾਂਦੀ ਹੈ ਤੇ ਬੈਣੋ ਦਾ ਮੂੰਹ ਕਾਲਾ ਕਰ ਦੇਂਦੀ ਹੈ।

ਇਸ ਜੱਦੋ-ਜਹਿਦ ਵਿਚ ਬੈਣੋ ਕੁਰਲਾਉਂਦੀ ਤੜਪਤੀ ਤੇ ਚੰਘਿਆੜਦੀ ਹੈ। ਸੰਤੀ ਗੁੱਸੇ ਵਿਚ ਭਰੀ ਅੰਦਰ ਚਲੀ ਜਾਂਦੀ ਹੈ। ਬੈਣੋ ਵਿਹੜੇ ਵਿਚ ਨਿਢਾਲ ਪਈ. ਹੈ।)

ਪਿਛੋਕੜ ਵਿਚ ਡਮਰੂ ਵਜਦਾ ਹੈ। ਸਾਰਾ ਸੀਨ ਭਿਅੰਕਰ ਰੂਪ ਧਾਰ ਲੈਂਦਾ ਹੈ।

## ਸੀਨ – ਤੀਜਾ

(ਸ਼ਾਮ ਦਾ ਵੇਲਾ। ਸੰਤੀ ਪਿੰਜਰੇ ਵਿਚੋਂ ਤਿੱਤਰ ਕੱਢ ਕੇ ਉਹਨਾਂ ਨੂੰ ਚੋਗਾ ਪਾਉਂਦੀ ਹੈ। ਕੁੱਕੜ ਨੂੰ ਟੋਕਰੇ ਹੇਠੋਂ ਕੱਢ ਕੇ ਦਾਣੇ ਪਾਉਂਦੀ ਹੈ। ਫਿਰ ਚੁੱਲ੍ਹੇ ਉੱਤੇ ਧਰੀ ਹਾਂਡੀ ਵਿਚ ਡੋਈ ਫੇਰਦੀ ਹੈ। ਬੈਣੋ ਪਾਣੀ ਦੀ ਘੜੀ ਚੁੱਕੀ ਆਉਂਦੀ ਹੈ।)

ਸੰਤੀ : ਗਲੀ ਵਿਚ ਇਸ ਤਰ੍ਹਾਂ ਬੇਸ਼ਰਮੀ ਨਾਲ ਨਾ ਤੁਰਿਆ ਕਰ।

ਬੈਣੋ : ਹੋਰ ਕਿਸ ਤਰ੍ਹਾਂ ਤੁਰਾਂ ?

ਸੰਤੀ : ਗੁੱਤ ਖੁੱਲ੍ਹੀ ਤੇ ਗਲਮੇ ਦੇ ਬੀੜੇ ਖੁੱਲ੍ਹੇ। ਫਿਰ ਆਖਦੀਂ ਐਂ ਲੋਕ ਝਾਕਦੇ ਨੇ।

ਬੈਣੋ : ਮੈਂ ਕੀ ਕਰਾਂ ਜੇ ਗੁੱਤ ਆਪੇ ਖੁੱਲ੍ਹ ਜਾਵੇ, ਤੇ ਬੀੜੇ ਬੰਦ ਨਾ ਰਹਿਣ ?

ਸੰਤੀ : ਪਾਣੀ ਦਾ ਘੜਾ ਵੀ ਉਪਰ ਤੀਕ ਨਾ ਭਰਿਆ ਕਰ। ਤੁਰਦੀ ਐਂ ਛਲਕਦਾ ਏ। ਸਾਰੇ ਕਪੜੇ ਭਿੱਜ ਜਾਂਦੇ ਨੇ।

(ਬੈਣੋ ਪਾਣੀ ਦਾ ਘੜਾ ਰਸੋਈ ਵਿਚ ਟਿਕਾਉਂਦੀ ਹੈ। ਕੁੜਤੀ ਛੰਡਦੀ ਹੈ ਤੇ ਗੁੱਤ ਕਰਦੀ ਹੈ।)

ਤੇਰੇ ਬਾਪੂ ਨੇ ਅਜ ਆਪਣੇ ਦੋਸਤਾਂ ਨੂੰ ਬੁਲਾਇਆ ਏ, ਰੋਟੀ ਉਤੇ। ਤੂੰ ਆਟਾ ਗੁੰਨ੍ਹ ਲੈ।

(ਕਾਕੂ ਆਉਂਦਾ ਹੈ। ਬੈਣੋ ਅੰਦਰ ਜਾਂਦੀ ਹੈ।)

ਕਾਕੂ : ਕਈ ਹੱਟਾਂ ਦੇ ਫੇਰੇ ਮਾਰੇ। ਚੀਜ਼ਾਂ ਦੇ ਭਾਅ ਦਿਨੋ ਦਿਨ ਚੜ੍ਹ ਰਹੇ ਨੇ। ਸੋਚਿਆ ਹੁਣੇ ਤੋਂ ਬੈਣੋ ਦਾ ਦਾਜ ਬਣਾ ਲਈਏ। ਦਰਜ਼ੀਆਂ ਨੂੰ ਫਿਰ ਵਿਹਲ ਨਹੀ ਮਿਲਣੀ।

Scanned by CamScanner

ਸੰਤੀ : ਤੇਰੇ ਗਏ ਪਿਛੋਂ ਮੈਂ ਬੈਣੋ ਨੂੰ ਬਹੁਤ ਝਿੜਕਿਆ। ਘੰਟਾ ਭਰ ਸਮਝਾਉਂਦੀ ਰਹੀ।

ਕਾਕੂ : ਇਹੋ ਜਿਹੀ ਬੜਬੋਲੀ ਔਲਾਦ ਦਾ ਬੰਦਾ ਕੀ ਕਰੇ ?

ਸੰਤੀ : ਵਿਆਹ ਪਿਛੋਂ ਆਪੇ ਅਕਲ ਆ ਜਾਊ।

ਕਾਕੂ : ਕੁੱਕੜ ਨੂੰ ਦਾਣੇ ਪਾਏ ਸਨ ?

ਸੰਤੀ : ਉਹ ਚੋਗੇ ਬਿਨਾਂ ਰਹਿੰਦਾ ਏ ? ਜੇ ਨਾ ਪਾਵਾਂ ਤਾਂ ਚੁੰਝਾਂ ਮਾਰਨ ਲਗਦਾ ਏ। ਕਲ੍ਹ ਵੇਹੜਾ ਸੰਭਰਦੀ ਸਾਂ, ਉਸ ਨੂੰ ਪਰ੍ਹਾਂ ਹਟਾਇਆ ਤਾਂ ਜ਼ੋਰ ਦੀ ਠੂੰਗਾ ਮਾਰਿਆ।

ਕਾਕੂ : ਉਸ ਨੂੰ ਤਾੜ ਕੇ ਰਖਿਆ ਕਰ, ਫੇਰ ਹੀ ਚੰਗਾ ਲੜੂ। ਕੀ ਪਕਾਇਆ ਏ।

ਸੰਤੀ : ਸਾਗ-ਗੋਸ਼ਤ ਤੇ ਗੁਆਰੇ ਦੀਆਂ ਫਲੀਆਂ। ਮਖਣੀ ਦਾ ਕੁੱਜਾ ਭਰਿਆ ਪਿਐ।

(ਤਲੋਕਾ, ਕਰਮਾ ਤੇ ਬਾਰੂ ਆਉਂਦੇ ਹਨ।)

ਕਾਕੂ : ਆਉ ਭਈ ਆਉ! ਵੇਲੇ ਸਿਰ ਹੀ ਆ ਗਏ। ਲੰਘ ਆਉ। ਰੋਟੀ ਤਿਆਰ ਐ ? ਪਰ ਪਹਿਲਾਂ ਇਕ ਇਕ ਘੁੱਟ ਲਾ ਲਈਏ। ਥੋੜੇ ਨਾਲ ਪੀਣ ਦਾ ਦੂਗਣਾ ਸੁਆਦ ਆਉਂਦੈ।

(ਉਹ ਜੁੱਤੀਆਂ ਲਾਹ ਕੇ ਖੰਜੀ ਦੀ ਸਫ਼ ਉੱਤੇ ਬੈਠ ਜਾਂਦੇ ਹਨ। ਕਾਕੂ ਡੱਬ ਵਿਚੋਂ ਬੋਤਲ ਖੋਲ੍ਹਦਾ ਹੈ। ਚਾਰੇ ਜਣੇ ਪੀਣ ਲਗਦੇ ਹਨ।)

ਤਲੋਕਾ : (ਘੁੱਟ ਭਰ ਕੇ) ਬੜੀ ਤਿੱਖੀ ਐ। ਚਾਨਣਾ ਹੋ ਗਿਆ ਡਮਾਕ ਵਿਚ।

ਕਾਕੂ : ਪਹਿਲੇ ਤੋੜ ਦੀ ਐ। ਰੋਡੇ ਸਾਧ ਦੇ ਡੇਰੇ ਤੋਂ ਲਿਆਂਦੀ ਐ। ਸੌਂਫ, ਇਲਾਚੀਆਂ ਤੇ ਲੌਂਗਾਂ ਦਾ ਸੱਤ ਐ ਇਸ ਵਿਚ।

ਕਰਮਾ : ਅੱਖਾਂ ਖੁੱਲ੍ਹ ਗਈਆਂ। ਇਕ ਵਾਰ ਸਰਪੰਚ ਦਾ ਮੁੰਡਾ ਵਲੈਤ ਤੋਂ ਦੋ ਬੋਤਲਾਂ ਲਿਆਇਆ। ਖ਼ੁਸ਼ੀ ਵਿਚ ਉਸ ਨੇ ਮੈਨੂੰ ਵੀ ਦੋ ਘੁੱਟਾਂ ਪਿਲਾਈਆਂ। ਨਿਰਾ ਪਾਣੀ।

ਤਲੋਕਾ : ਓਏ ਵਲੈਤੀ ਦਾਰੂ ਤਾਂ ਨਿਰੀ ਠੱਗੀ ਐ। ਸਾਡੀਆਂ ਹਰੀਆਂ ਬੋਤਲਾਂ ਦੀ ਕੀ ਰੀਸ।

ਕਾਕੂ : ਅਖ਼ਬਾਰ ਚੁਕੀ ਫਿਰਨੈ, ਤੈਨੂੰ ਪੜ੍ਹਨਾ ਵੀ ਆਉਂਦੈ ?

ਕਰਮਾ : ਇਉਂ ਨਾ ਆਖ ਛੇਵੀਂ ਫੇਲ੍ਹ ਐ ਤਲੋਕਾ। ਸਾਰੇ ਅਖਬਾਰ ਪੜ੍ਹਦੈ। ਹਾਂ ਬਾਈ, ਸੁਣਾ ਫਿਰ ਕੋਈ ਚੋਂਦੀ ਚੋਂਦੀ ਖ਼ਬਰ।

ਤਲੋਕਾ : (ਅਖ਼ਬਾਰ ਖੋਲ੍ਹ ਕੇ) ਸੁਣੋ! ਸਭ ਤੋਂ ਵੱਡੀ ਖ਼ਬਰ ਤਾਂ ਰੂਸ ਤੇ ਜਰਮਨ ਦੀ ਜੰਗ ਐ। ਤੈਨੂੰ ਪਤਾ ਏ ਕਿ ਜਰਮਨ ਹਾਰ ਰਿਹਾ ਏ ?

ਕਰਮਾ : ਇਹ ਸਹੁਰਾ ਉਲਟੀ ਗਲ ਹੀ ਕਰੂ। ਊਂ ਆਖਣ ਨੂੰ ਖ਼ਬਾਰ ਪੜ੍ਹਦਾ ਏ ਪਰ ਇਉਂ ਨਹੀਂ ਪਤਾ ਕਿ ਜਰਮਨ ਦੇ ਉਡਣੇ ਬੰਬਾਂ ਨੇ ਅੰਗਰੇਜ਼ਾਂ ਨੂੰ ਭਜਾ ਦਿਤਾ। ਹਿਟਲਰ ਹੀ ਠੀਕ ਕਰੂ ਇਹਨਾਂ ਗੋਰੇ ਬਾਂਦਰਾਂ ਨੂੰ।

ਬਾਰੂ : ਮੈਂ ਆਖਦਾ ਸਾਂ ਨਾ ਆਪਣੇ ਵੀ ਪਹਿਲਾਂ ਉਡਣੇ ਬੰਬ ਹੁੰਦੇ ਸਨ। ਜਰਮਨਾਂ ਨੂੰ ਕਿਤੋਂ ਸੱਚੇ ਵੇਦ ਹੱਥ ਲੱਗੇ। ਆਪਣੇ ਕਾਂਸ਼ੀ ਦੇ ਬਾਹਮਣ ਤਾਂ ਬੋਦੀਆਂ ਬੰਨ੍ਹਣ ਤੇ ਤਿਲਕ ਖਿਚਣਾ ਈ ਜਾਣਦੇ ਨੇ। ਸੰਸਕ੍ਰਿਤ ਕਿਸੇ ਨੂੰ ਪੜ੍ਹਨੀ ਨਹੀਂ ਆਉਂਦੀ।

ਕਾਕੂ : ਜੰਗ ਲਗਣ ਨਾਲ ਇਕ ਗੱਲ ਦਾ ਤਾਂ ਫਾਇਦਾ ਹੋਇਆ। ਸਾਨੂੰ ਦੋਹੀਂ ਵੇਲੇ ਚੋਪੜੀ ਮਿਲਣ ਲਗ ਪਈ। ਪਹਿਲਾਂ ਕੀ ਸੀ ? ਤੜਕੇ ਤੋਂ ਰਾਤ ਤੀਕ ਲੋਹਾ

Scanned by CamScanner

ਕੁਟਦਾ ਫੇਰ ਵੀ ਢਿਡ ਭਰਨ ਨੂੰ ਅੰਨ ਨਾ ਜੁੜਦਾ। ਹੁਣ ਦੇਖ ਮੌਜਾਂ ਨੇ।

ਕਰਮਾ : ਪਰ ਚੀਜ਼ਾਂ ਬੜੀਆਂ ਮਹਿੰਗੀਆਂ ਹੋ ਗਈਆਂ।

ਕਾਕੂ : ਪੈਸੇ ਕੋਲ ਹੋਣ ਤਾਂ ਸਭ ਚੀਜ਼ਾਂ ਸਸਤੀਆਂ। ਮੈਂ ਤਾਂ ਆਖਦਾਂ ਹੋਰ ਛਿੜੀ ਰਹੇ ਜੰਗ। ਪਤਾ ਨਹੀਂ ਇਹ ਬਾਪੂ ਗਾਂਧੀ ਕਿਉਂ ਰੌਲਾ ਪਾਈ ਜਾਂਦੈ।

ਕਰਮਾ : ਲੋਕ ਜੁ ਮਰਦੇ ਨੇ।

ਕਾਕੂ : ਉਂਜ ਨਹੀਂ ਮਰਦੇ ਲੋਕ ? ਏਥੇ ਪਲੇਗ ਪੈ ਜਾਵੇ ਤਾਂ ਲੱਖਾਂ ਲੋਕ ਚੂਹਿਆਂ ਵਾਂਗ ਰੁੜ੍ਹ ਜਾਣਗੇ। ਗਾਂਧੀ ਦਾ ਕੀ ਐ, ਉਹ ਤਾਂ ਕੀੜੀ ਮਰਨ ਤੋਂ ਵੀ ਚਿਆਂਕ ਪੈਂਦੇ ਤੇ ਮਰਨ ਵਰਤ ਰਖ ਲੈਂਦੇ।

ਕਰਮਾ : ਦੇਖ ਲਵੀਂ ਗਾਂਧੀ ਨੇ ਵਰਤ ਰਖ ਰਖ ਕੇ ਹੀ ਅੰਗਰੇਜ਼ਾਂ ਨੂੰ ਭਜਾ ਦੇਣੈ। ਬੜਾ ਸਿਰੜੀ ਐ ਬਾਬਾ। ਹੱਠ ਦਾ ਪੱਕਾ। ਸਾਰਾ ਮੁਲਕ ਉਸ ਦੇ ਪਿਛੇ ਐ। ਸੁਰਾਜ ਲੈ ਕੇ ਮਰੂ।

ਕਾਕੂ : ਓਏ, ਸੁਰਾਜ ਨੇ ਸਾਡਾ ਕੀ ਸੰਵਾਰ ਦੇਣਾ। ਜੇ ਸੁਰਾਜ ਮਿਲ ਗਿਆ ਤਾਂ ਮੈਨੂੰ ਕਿਹੜੀ ਕੁਰਸੀ ਮਿਲ ਜਾਊ। ਤੂੰ ਇਸੇ ਤਰ੍ਹਾਂ ਕਿੱਲੇ ਘੜਨੇ ਨੇ, ਬਾਰੂ ਨੇ ਕੋਹਲੂ ਨੂੰ ਗੇੜੇ ਦਿਵਾਉਣੇ ਨੇ ਤੇ ਮੈਂ ਲੋਹਾ ਕੁਟਣੈ।

ਤਲੋਕਾ : (ਅਖਬਾਰ ਪੜ੍ਹਦੇ ਹੋਏ) ਲਓ ਦੂਜੀ ਖਬਰ ਸੁਣੋ। ਇਕ ਮੇਮ ਨੇ ਵਲੈਤ ਵਿਚ ਕੁੱਤੇ ਦਾ ਵਿਆਹ ਕੀਤਾ ਤੇ ਉਸ ਉਤੇ ਦੋ ਲੱਖ ਰੁਪਈਆ ਖ਼ਰਚ ਕਰ ਦਿਤਾ।

ਕਰਮਾ : ਸਾਡੇ ਮਹਾਰਾਜਾ ਪਟਿਆਲਾ ਨੇ ਟਿੱਕਾ ਸਾਹਿਬ ਦੇ ਵਿਆਹ ਉਤੇ ਸਾਰੀ ਰਿਆਸਤ ਵਿਚ ਦੇਸੀ ਘਿਓ ਦੇ ਲੱਡੂ ਵੰਡੇ। ਮੋਤੀ ਚੂਰ ਦੇ ਲੱਡੂ। ਤੇ ਜਦੋਂ ਛੇ ਘੋੜਿਆਂ ਵਾਲੀ ਸੁਆਰੀ ਨਿਕਲੀ ਤਾਂ ਚਾਂਦੀ ਦੇ ਰੁਪੱਈਆਂ ਦਾ ਮੀਂਹ ਵਰ੍ਹਾਅ ਦਿਤਾ। ਬੱਲੇ ਓਏ ... ਮਹਾਰਾਜ ਭੂਪਿੰਦਰ ਸਿਹਾਂ। ਨਹੀਂ ਰੀਸਾਂ ਤੇਰੀਆਂ।

ਬਾਰੂ : ਰਾਜਿਆਂ ਮਹਾਰਾਜਿਆਂ ਦੇ ਵਿਆਹਾਂ ਉਤੇ ਤਾਂ ਖਰਚਾ ਹੁੰਦਾ ਹੀ ਹੈ ਪਰ ਵਲਾਇਤ ਵਿਚ ਸਭ ਗੱਲਾਂ ਪੁਠੀਆਂ। ਭਲਾ ਦੱਸੋ, ਕਾਹਦੇ ਉਤੇ ਖਰਚ ਕਰ ਦਿਤਾ ਦੋ ਲੱਖ ਰੁਪਈਆ। ਕੁੱਤੇ ਭਲਾ ਕੋਈ ਸਿਹਰਾ ਬੰਨ੍ਹ ਕੇ ਢੁਕਦੇ ਨੇ।

ਤਲੋਕਾ : ਲੈ, ਦੇਖ ਲੈ। ਛਪੀ ਹੋਈ ਐ ਖ਼ਬਰ। ਇਹ ਐ ਮੂਰਤ ਕੁੱਤੇ ਦੀ ਤੇ ਇਹ ਐ ਮੇਮ ਦੀ।

ਬਾਰੂ : ਮੇਰੇ ਨਾਲੋਂ ਤਾਂ ਕੁੱਤਾ ਹੀ ਚੰਗਾ। ਜੋ ਘੋੜੀ ਚੜ੍ਹਿਆ।

(ਤਿੰਨੇ ਜਣੇ ਝੂਮ ਝੂਮ ਕੇ ਗਾਉਂਦੇ ਹਨ।)

ਜੇ ਤੂੰ ਚੜ੍ਹਿਆ ਘੋੜੀ ਵੇ
ਤੇਰੇ ਨਾਲ ਭਰਾਵਾਂ ਜੋੜੀ ਵੇ

ਬਾਰੂ : ਉਹ ਕੁੱਤਾ ਰੇਸ਼ਮੀ ਗੱਦਿਆਂ ਉਤੇ ਸੌਂਦਾ ਹੋਊ ਤੇ ਬਾਲੂਸ਼ਾਹੀ ਖਾਂਦਾ ਹੋਊ।

ਤਲੋਕਾ : ਬੜੀਆਂ ਲਪਟਾਂ ਆ ਰਹੀਆਂ ਨੇ ਮਸਾਲੇ ਦੀਆਂ।

ਕਾਕੂ : ਤੇਰੀ ਭਾਬੀ ਨੇ ਸਾਗ-ਗੋਸ਼ਤ ਚਾੜ੍ਹਿਐ। ਬੈਣੋ ਦੀ ਮਾਂ, ਰੋਟੀ ਲਿਆ।

(ਦੀਪਾ ਛਾਬੇ ਵਿਚ ਰੋਟੀਆਂ, ਤੇ ਚਾਰ ਕੌਲਿਆਂ ਵਿਚ ਸਾਗ ਤੇ ਮੱਖਣ ਆਦਿ ਲਿਆਉਂਦਾ ਹੈ।

ਚਾਰੇ ਜਣੇ ਰੋਟੀ ਖਾਂਦੇ ਹਨ।
ਢੋਲਕ ਦੀ ਧਮਕ।
ਕੁੜੀਆਂ ਦਾ ਗੀਤ ਉੱਚਾ ਹੁੰਦਾ ਹੈ।

Scanned by CamScanner

ਬੈਣੋ ਦੋਹਣੀ ਚੁਕ ਕੇ ਤੇ ਸਾਵੀ ਚੁੰਨੀ ਲੈ ਕੇ ਵੇਹੜੇ ਵਿਚੋਂ ਦੀ ਬਾਹਰ ਜਾਂਦੀ ਹੈ।)

ਬਾਰੂ : ਸਾਗ ਬੜਾ ਸੁਆਦ ਐ।

ਕਾਕੂ : ਸਾਗ ਹੋਰ ਲਿਆਈਂ, ਦੀਪਿਆ।

(ਸੰਤੀ ਰੋਟੀਆਂ ਥਪਦੀ ਹੈ।)

ਕਰਮਾ : ਤੂੰ ਅੱਜ ਤਹਿਸੀਲਦਾਰ ਦੀ ਕਚਹਿਰੀ ਗਿਆ ਸੀ। ਘੋੜਿਆਂ ਦੇ ਨਾਅਲਾਂ ਦਾ ਠੇਕਾ ਮਿਲਣਾ ਸੀ। ਕੀ ਬਣਿਆਂ।

ਕਾਕੂ : ਬੋਲੀ ਬਹੁਤ ਚੜ੍ਹ ਕੇ ਟੁੱਟੀ। ਮੁਫ਼ਤ ਦੀ ਭਕਾਈ। ਸਾਰਿਆਂ ਨੇ ਉਪਰ ਤੋਂ ਹੇਠ ਤੀਕ ਰਿਸ਼ਵਤ ਖਾਧੀ ਹੋਈ ਸੀ। ਸਰਕਾਰ ਦੇ ਅੰਨ੍ਹੇ ਕੰਮ।

ਬਾਰੂ : ਜਿਹਨੇ ਐਨਾ ਪੈਸਾ ਤਾਰਿਆ ਹੋਵੇ ਉਸ ਨੇ ਵੀ ਤਾਂ ਵਿਚੋਂ ਕੁਝ ਕਮਾਉਣਾ ਹੋਇਆ।

ਕਾਕੂ : ਕੱਚੇ ਲੋਹੇ ਦੇ ਵਿੰਗ ਤੜਿੰਗੇ ਨਾਅਲ ਬਣਾ ਕੇ ਅੱਗੇ ਤੋਰ ਦੇਣਗੇ। ਬਸ ਕਾਗ਼ਜ਼ੀ ਕਾਰਵਾਈ ਪੂਰੀ ਚਾਹੀਦੀ ਐ। ਐਵੇਂ ਉਥੇ ਗਿਆ। ਮੈਥੋਂ ਤਾਂ ਆਪਣੀ ਭੱਠੀ ਦਾ ਹੀ ਕੰਮ ਨਹੀਂ ਮੁੱਕਦਾ। ਮੇਰਾ ਬਾਪ ਆਖਦਾ ਸੀ, ਪੁੱਤ ਆਪਣੇ ਅੱਡੇ ਉੱਤੇ ਚਾਰ ਪੈਸੇ ਘੱਟ ਆ ਜਾਣ ਉਹ ਚੰਗੇ। ਅੱਡਾ ਆਪਣਾ ਹੋਣਾ ਚਾਹੀਦੈ।

ਤਲੋਕਾ : ਬੜਾ ਮਜ਼ਾ ਆਇਆ ਰੋਟੀ ਦਾ।

(ਹੱਥ ਧੋਂਦੇ ਹਨ। ਦੀਪਾ ਰੋਟੀ ਖੁਆ ਕੇ ਭਾਂਡੇ ਚੁੱਕ ਲੈ ਜਾਂਦਾ ਹੈ।)

ਕਾਕੂ : ਬੈਣੋ ਦੀ ਮਾਂ।

ਸੰਤੀ : (ਅੰਦਰੋਂ) ਕੀ ਐ ?

ਕਾਕੂ : ਦੁੱਧ ਵਿਚ ਬੂਰਾ ਨਾ ਘੋਲ ਦੇਵੀਂ, ਅੱਜ ਮਿਸ਼ਰੀ ਪਾ ਕੇ ਦੇਵੀਂ। ਬੈਣੋ ਦੇ ਵਿਆਹ ਦਾ ਪਹਿਲਾ ਜਸ਼ਨ ਐ ਆਪਣੇ ਦੋਸਤਾਂ ਨਾਲ।

(ਢੋਲਕ ਦੀ ਆਵਾਜ਼)

ਕੁੜੀਆਂ ਦਾ ਗੀਤ ਉੱਚਾ ਹੁੰਦਾ ਹੈ। ਕਾਕੂ ਟੋਕਰੇ ਹੇਠੋਂ ਕੁੱਕੜ ਨੂੰ ਕੱਢ ਕੇ ਪੁਚਕਾਰਦਾ ਹੈ।

ਆ ਮੇਰਾ ਲਾਟ, ਤੈਨੂੰ ਆਪਣੇ ਹੱਥ ਨਾਲ ਖੁਆਵਾਂ। ਬਸ ਬਾਜਰਾ ਤੇ ਮੱਕੀ ਖਾਂਦੈ ਖੁਸ਼ ਹੋ ਕੇ, ਜਾਂ ਚਿੱਟੀ ਤਿਲੀ। ਏਸ ਨਾਲ ਈ ਤਾਂ ਇਸ ਦੇ ਹੱਡ ਨਰੋਏ ਨੇ। ਖਾੜੇ ਵਿਚ ਕਿਸੇ ਨੂੰ ਖੜ੍ਹਨ ਨਹੀਂ ਦੇਂਦਾ। ਦੇਖੇ ਸਨ ਪਿਛਲੀ ਵਾਰ ਇਸ ਦੇ ਹੱਥ ? ਗਰਦਨ ਤਾਣ ਕੇ ਅਜਿਹੀ ਤਾੜ ਮਾਰੀ ਕਿ ਫੱਤੂ ਤੇਲੀ ਦਾ ਕੁੱਕੜ ਮੈਦਾਨ ਛੱਡ ਕੇ ਭੱਜ ਗਿਆ।

ਤਲੋਕਾ : ਕਿੰਨੀ ਉਮਰ ਹੋਊ ਇਸ ਦੀ ?

ਕਾਕੂ : ਪੂਰੇ ਢਾਈ ਵਰ੍ਹਿਆਂ ਦਾ ਹੋ ਜਾਊ ਚੜ੍ਹਦੇ ਅੱਸੂ।

ਕਰਮਾ : ਹਾਲੇ ਤਾਂ ਪੱਠਾ ਈ ਐ।

ਕਾਕੂ : ਓਏ ਸੇਵਾ ਕਰੀਦੀ ਐ। ਖ਼ੁਰਾਕਾਂ ਖਵਾਈਦੀਆਂ ਨੇ। ਕਲਗੀ ਦੇਖ ਏਸ ਦੀ – ਲਾਲ ਸੂਹੀ। ਤੇ ਇਸ ਦੀਆਂ ਖਾਰਾਂ—

ਕਰਮਾ : ਬੜੀਆਂ ਤਿੱਖੀਆਂ ਨੇ।

ਕਾਕੂ : ਤੂੰ ਕੁੱਕੜਾਂ ਦੀ ਗੱਲ ਕਰਦੈਂ ? ਇਹ ਤਾਂ ਤਗੜੇ ਬਲੂੰਗੜੇ ਨੂੰ ਨਹੀਂ ਛਡਦਾ।

ਬਾਰੂ : ਪਿਛਲੀ ਵਾਰ ਗੱਜਣ ਦਾ ਕੁੱਕੜ ਵੀ ਚੰਗਾ ਲੜਿਆ ਸੀ।

Scanned by CamScanner

ਕਾਕੂ : ਓਏ ਉਹਦੇ ਕੁੱਕੜ ਨੇ ਕੀ ਲੜਨਾ।
ਬਾਰੂ : ਇਹ ਗੱਲ ਨਾ ਆਖ। ਲੜਦਾ ਤਾਂ ਹਿੱਕ ਤਾਣ ਕੇ ਐ। ਪਿਛਲੀ ਵਾਰ ਤੇਰੇ ਕੁੱਕੜ ਨੂੰ ਟੱਕਰਿਆ ਸੀ ਤਾਂ ਪਤਾ ਨਹੀਂ ਸੀ ਲਗਦਾ ਕਿਹੜਾ ਜਿੱਤੂਗਾ।
ਕਾਕੂ : ਫੇਰ ਜਿੱਤਿਆ ਕੌਣ ?
ਬਾਰੂ : ਇਕ ਨੇ ਤਾਂ ਜਿੱਤਣਾ ਹੀ ਸੀ। ਪਰ ਲੜਿਆ ਖ਼ੂਬ।
ਕਾਕੂ : ਬੈਣੋ ਦੀ ਮਾਂ।
ਸੰਤੀ : (ਅੰਦਰੋਂ) ਆਨੀ ਆਂ।
ਕਾਕੂ : ਕੀ ਹੋਇਆ ਦੁੱਧ ਨੂੰ ?
ਸੰਤੀ : ਬੈਣੋ ਗਾਂ ਚੋਣ ਗਈ ਐ। ਆਉਣ ਵਾਲੀ ਐ।
ਕਾਕੂ : ਧਾਰ ਦਿਨ ਛਿਪੇ ਤੋਂ ਪਹਿਲਾਂ ਕਢ ਲੈਣੀ ਸੀ। ਦੀਪਿਆ, ਜਾਹ ਬੈਣੋ ਨੂੰ ਬੁਲਾ ਕੇ ਲਿਆ।

(ਦੀਪਾ ਜਾਂਦਾ ਹੈ।
ਸੰਤੀ ਕੁੱਕੜ ਚੁੱਕ ਕੇ ਅੰਦਰ ਚਲੀ ਜਾਂਦੀ ਹੈ।
ਕੁੜੀਆਂ ਦਾ ਗੀਤ ਉਭਰਦਾ ਹੈ।)

ਤਲੋਕਾ : ਤੈਨੂੰ ਪਤੈ ਆਇਸ਼ਾਂ ਦੇ ਘਰ ਕੁੜੀ ਹੋਈ ਐ ?
ਕਾਕੂ : ਆਇਸ਼ਾਂ ਦੇ ਘਰ ਕੁੜੀ ? ਉਹ ਤਾਂ ਹਾਲੇ ਆਪ ਨਿੱਕੀ ਜਿਹੀ ਕੁੜੀ ਐ। ਹਾਲੇ ਕੱਲ੍ਹ ਦੀ ਗੱਲ ਐ। ਜਦੋਂ ਉਹ ਇਥੇ ਆ ਜਾਂਦੀ ਤੇ ਗੱਲ੍ਹਾਂ ਫੁਲਾ ਕੇ ਧੌਂਕਣੀ ਵਾਂਗ ਫੂਕਾਂ ਮਾਰਦੀ।
ਬਾਰੂ : ਹੱਦ ਹੋ ਗਈ। ਆਇਸ਼ਾਂ ਦੀ ਗੋਦੀ ਕੁੜੀ ? ਇਸ ਹਸਾਬ ਨਾਲ ਸ਼ੇਰੂ ਬਾਬਾ ਬਣ ਗਿਆ।
ਤਲੋਕਾ : ਬਾਬਾ ਨਹੀਂ, ਨਾਨਾ।
ਬਾਰੂ : ਹਾਂ ਸੱਚ, ਨਾਨਾ। ਇਹ ਕੁੜੀਆਂ ਬੜੀ ਛੇਤੀ ਵਧਦੀਆਂ ਨੇ। ਦਿਨਾਂ ਵਿਚ ਜਵਾਨ ਹੋ ਜਾਂਦੀਆਂ ਨੇ ਤੇ ਫੇਰ ਦਿਨਾਂ ਵਿਚ ਸ਼ਾਦੀ।

(ਕੁੜੀਆਂ ਦਾ ਗੀਤ ਫਿਰ ਉੱਚਾ ਹੋ ਜਾਂਦਾ ਹੈ।)

ਕਾਕੂ : ਸ਼ਾਦੀ ਤਾਂ ਹੋਣੀ ਹੀ ਹੋਈ। ਬੈਣੋ ਨੂੰ ਵੀ ਹੁਣ ਛੇਤੀ ਵਿਆਹ ਦੇਣਾ ਐ। ਮੁੰਡਾ ਲਭ ਲਿਆ। ਮੈਂ ਤਾਂ ਬੜਾ ਸਾਦਾ ਜਿਹਾ ਵਿਆਹ ਕਰਨਾ ਐ। ਪਰ ਰੋਟੀ ਚੰਗੀ ਕਰੂੰ। ਹੁਣੇ ਤੋਂ ਦੋ ਬੱਕਰੇ ਲੈ ਲਏ ਨੇ। ਮੁਕਦੇ ਨਹੀਂ। ਬੈਣੋ ਦੀ ਮਾਂ ਨੂੰ ਵੀ ਰੇਸ਼ਮੀ ਸੂਟ ਸਿਲਾ ਕੇ ਦੇਣੈਂ। ਬੈਣੋ ਦੀਆਂ ਟੂਮਾਂ ਬਣਵਾ ਲਈਆਂ ਨੇ। ਨੱਥ ਤੇ ਚੂੜੀਆਂ ਸਿਉਨੇ ਦੀਆਂ। ਥੋਨੂੰ ਤਿੰਨਾਂ ਨੂੰ ਤਾਂ ਅੱਜ ਤੋਂ ਹੀ ਸੱਦਾ ਦੇ ਦਿਤਾ। ਭੁਲਿਓ ਨਾ।
ਕਰਮਾ : ਓਏ ਕਾਕੂ, ਤੇਰੀ ਧੀ ਹੋਈ ਜਾਂ ਸਾਡੀ। ਤੂੰ ਫ਼ਿਕਰ ਨਾ ਕਰ, ਤੇਰੇ ਨਾਲ ਕੰਮ ਕਰਵਾਵਾਂਗੇ, ਧੀ ਸਭਨਾਂ ਦੀ ਸਾਂਝੀ।

(ਦੀਪਾ ਦੌੜਦਾ ਹੋਇਆ ਆਉਂਦਾ ਹੈ।)

ਦੀਪਾ : ਬਾਪੂ, ਵਾੜੇ 'ਚ ਬੈਣੋ ਹੈ ਨਹੀਂ। ਵੱਛਾ ਸਾਰਾ ਦੁੱਧ ਚੁੰਘ ਗਿਆ। ਦੋਹਣਾ ਗਾਂ ਦੇ ਪੈਰਾਂ 'ਚ ਰਿੜ੍ਹਦਾ ਫਿਰਦਾ ਸੀ।
ਕਾਕੂ : ਹੈਂ ? ਵਾੜੇ 'ਚ ਨਹੀਂ ਉਹ ?
ਦੀਪਾ : ਨਹੀਂ!
ਕਾਕੂ : ਕਿਥੇ ਗਈ ਉਹ ?

Scanned by CamScanner

ਸੰਤੀ : ਕਿਥੇ ਚਲੀ ਗਈ ਉਹ ?

(ਗੁਆਂਢਣ ਦੌੜਦੀ ਹੋਈ ਆਉਂਦੀ ਹੈ।)

ਗੁਆਂਢਣ : ਨੀ ਸੰਤੀਏ! ਨੀ ਸੰਤੀਏ! ਬੈਣੋ ਖੂਹ ਲਾਗੇ ਜਾਂਦੀ ਦੇਖੀ ਸੀ। ਬਾਜਰੇ ਦੇ ਖੇਤਾਂ ਵੱਲ। ਟਿੱਬਿਆਂ ਵਾਲੇ ਪਾਸੇ। ਜਦ ਮੈਂ ਹਾਕ ਮਾਰੀ ਤਾਂ ਉਹ ਹੋਰ ਤੇਜ਼ ਹੋ ਗਈ। ਉਹ ਦੌੜ ਗਈ ਸਰਬਣ ਨਾਲ।

ਕਾਕੂ : (ਚੀਖ ਕੇ) ਬੈਣੋ!

(ਚੌਫੇਰੇ ਰੌਲਾ ਪੈ ਜਾਂਦਾ ਹੈ।)

ਸੰਤੀ : ਇਸ ਕੁਲਹਿਣੀ ਨੇ ਸਾਡਾ ਮੂੰਹ ਕਾਲਾ ਕਰ ਦਿਤਾ। ਦੌੜ ਕੇ ਜਾਹ ਉਹਦੇ ਮਗਰ।

ਤਿੰਨੇ : ਚਲੋ! ਛੇਤੀ ਚਲੋ!!

(ਕਾਕੂ ਗੁੱਸੇ ਵਿਚ ਤੜਪ ਕੇ ਗੰਡਾਸਾ ਚੁਕਦਾ ਹੈ ਤੇ ਤੇਜ਼ੀ ਨਾਲ ਬਾਹਰ ਨਿਕਲ ਜਾਂਦਾ ਹੈ। ਤਿੰਨੇ ਦੋਸਤ ਕਮਰਕੱਸੇ ਕਰਕੇ ਉਸ ਦੇ ਪਿਛੇ ਜਾਂਦੇ ਹਨ। ਗਲੀ ਵਿਚ ਉਚੀਆਂ ਆਵਾਜ਼ਾਂ।)

ਇਕ ਤੀਵੀਂ : ਧਰਤੀ ਵਿਚ ਗਡ ਸੁਟੋ ਇਹੋ ਜਿਹੀ ਧੀ ਨੂੰ!

ਦੂਜੀ ਤੀਵੀਂ : ਸਾਰੇ ਪਿੰਡ ਦਾ ਮੂੰਹ ਕਾਲਾ ਕਰ ਦਿਤਾ ਇਸ ਕਲਜੋਗਣ ਨੇ!

ਤੀਜੀ ਤੀਵੀਂ : ਮੱਥਾ ਡੰਮ੍ਹ ਸੁਟੋ ਇਸ ਚੁੜੇਲ ਦਾ!

ਸੰਤੀ : (ਛਾਤੀ ਪਿਟ ਕੇ) ਗੁਤੋਂ ਘਸੀਟ ਕੇ ਲਿਆਵੀਂ ਇਸ ਕਮਜ਼ਾਤ ਨੂੰ! ਕੋਠੇ ਅੰਦਰ ਸੁਟ ਕੇ ਡਕਰੇ ਕਰ ਦੇਵੀਂ ਇਸ ਪਾਪਣ ਦੇ।

(ਵਾਤਾਵਰਣ ਵਿਚ ਸਨਸਨਾਹਟ। ਸੰਤੀ ਬਰੂਹਾਂ ਵਿਚ ਖੜ੍ਹੀ ਸਿਸਕ ਰਹੀ ਹੈ। ਹੌਲੀ ਹੌਲੀ ਰੌਲਾ ਬੰਦ ਹੋ ਜਾਂਦਾ ਹੈ। ਪੀਲੀ ਤੇ ਕਾਸ਼ਨੀ ਭਾਅ ਵਿਹੜੇ ਵਿਚ ਫੈਲ ਜਾਂਦੀ ਹੈ। ਹਲਕੀਆਂ ਟੱਲੀਆਂ ਦੀ ਆਵਾਜ਼ ਜਿਵੇਂ ਕਿਸੇ ਦੇ ਹਉਕੇ ਹੋਣ। ਸੰਤੀ ਬੂਹੇ ਵੱਲ ਦੇਖਦੀ ਹੈ। ਸੰਨਾਟੇ ਵਿਚ ਕਿਸੇ ਦੇ ਪੈਰਾਂ ਦੀ ਚਾਪ।)

(ਕਾਕੂ ਭਾਰੀ ਕਦਮਾਂ ਨਾਲ ਤੁਰਦਾ ਬੈਣੋਂ ਦੀ ਲਾਸ਼ ਨੂੰ ਦੋਹਾਂ ਹੱਥਾਂ ਵਿਚ ਚੁਕੀ ਆਉਂਦਾ ਹੈ। ਖਲੋ ਜਾਂਦਾ ਹੈ ਤੇ ਸੰਤੀ ਵੱਲ ਦੇਖਦਾ ਹੈ।)

ਸੰਤੀ : ਤੂੰ ਕਤਲ ਕਰ ਦਿਤਾ ਉਸ ਨੂੰ ?

ਕਾਕੂ : ਹਾਂ, ਮੈਂ ਵੱਢ ਸੁਟਿਆ ਉਸ ਨੂੰ! ਅੱਧੀ ਰਾਤ ਪਿਛੋਂ ਜਦੋਂ ਸਾਰਾ ਪਿੰਡ ਸੌਂ ਗਿਆ ਤੇ ਖਿੱਤੀਆਂ ਨੇ ਪਹਿਰਾ ਬਦਲ ਲਿਆ ਤਾਂ ਮੈਂ ਇਸ ਨਾਮੁਰਾਦ ਧੀ ਨੂੰ ਚੁਕੀਂ ਹੌਲੀ ਹੌਲੀ ਤੁਰਦਾ ਘਰ ਨੂੰ ਪਰਤਿਆ।

(ਉਹ ਧੀ ਦੀ ਲਹੂ ਨਾਲ ਲਿਬੜੀ ਲਾਸ਼ ਨੂੰ ਜ਼ਮੀਨ ਉਤੇ ਰਖ ਦੇਂਦਾ ਹੈ। ਸੰਤੀ ਗੋਡੇ ਟੇਕ ਕੇ ਲਾਸ਼ ਨੂੰ ਦੇਖਦੀ ਹੈ। ਲੰਮਾ ਹਉਕਾ ਭਰਦੀ ਹੈ। ਸਬਰ ਦਾ ਘੁੱਟ। ਫਿਰ ਉਹ ਆਪਣੇ ਜਜ਼ਬਾਤ ਉਤੇ ਕਾਬੂ ਕਰਕੇ ਕਾਕੂ ਵੱਲ ਕਹਿਰ ਦੀਆਂ ਨਜ਼ਰਾਂ ਨਾਲ ਦੇਖਦੀ ਹੈ।)

ਸੰਤੀ : ਦੇਖਦਾ ਕੀ ਹੈਂ ? ਕਹੀ ਚੱਕ ਤੇ ਟੋਆ ਪੱਟ। ਦੱਬ ਦੇਹ ਇਸ ਕੁਲੱਛਣੀ ਨੂੰ ਵਿਹੜੇ ਵਿਚ। ਤਾਂ ਜੁ ਮੇਰੀ ਇਜ਼ਤ ਦੱਬੀ ਰਹੇ ਧਰਤੀ ਹੇਠ। ਕਿਤੇ ਭਾਫ਼ ਨਾ ਨਿਕਲੇ ਇਸ ਪਾਪਣ ਦੀ।

Scanned by CamScanner

(ਕਾਕੂ ਕਹੀ ਚੁਕਦਾ ਹੈ ਤੇ ਪੂਰੀ ਸ਼ਕਤੀ ਨਾਲ ਟੋਆ ਪੁੱਟਣ ਲਗਦਾ ਹੈ। ਪਹਿਲੇ ਟੱਪ ਉੱਤੇ ਹੀ ਸੰਤੀ ਦੀਆਂ ਭੁੱਬਾਂ ਨਿਕਲ ਜਾਂਦੀਆਂ ਹਨ। ਫਿੱਕੇ ਹਨੇਰੇ ਵਿਚ ਕਾਕੂ ਟੋਆ ਪੁਟ ਰਿਹਾ ਹੈ। ਸੰਤੀ ਸਿਸਕੀਆਂ ਭਰਦੀ ਹੈ। ਹਨੇਰੇ ਵਿਚ ਸਿਸਕੀਆਂ ਉਚੀਆਂ ਹੋ ਜਾਂਦੀਆਂ ਹਨ। ਇਕ ਰੀਤ-ਬੱਧ ਗਤੀ ਨਾਲ ਸਾਰਾ ਕਾਰਜ ਹੁੰਦਾ ਹੈ।

ਹੌਲੀ ਹੌਲੀ ਹਨੇਰਾ।

ਕਹੀ ਨਾਲ ਟੋਆ ਪੁਟਣ ਦੀਆਂ ਥਪਕਾਂ ਉਚੀਆਂ ਹੋ ਜਾਂਦੀਆਂ ਹਨ। ਦਿਲ ਸਲਵਾਂ ਸੰਗੀਤ। ਬੰਸਰੀ ਦੇ ਦਰਦ ਭਰੇ ਸੁਰ।)

Scanned by CamScanner

# ਐਕਟ ਤੀਜਾ

## ਸੀਨ ਪਹਿਲਾ

(ਸੰਤੀ ਕਾਕੂ ਦਾ ਉਧੜਿਆ ਹੋਇਆ ਝੱਗਾ ਸਿਊਂ ਰਹੀ ਹੈ। ਬਚਨੀ ਉਸ ਦੇ ਕੋਲ ਬੈਠੀ ਹੈ। ਥੋੜ੍ਹੀ ਦੇਰ ਖ਼ਾਮੋਸ਼ੀ ਰਹਿੰਦੀ ਹੈ।)

ਬਚਨੀ : ਬੈਣੋ ਦੀ ਕੋਈ ਉਘ ਸੁਘ ਮਿਲੀ ?

(ਸੰਤੀ ਚੌਂਕਦੀ ਹੈ। ਉਸ ਦੇ ਚਿਹਰੇ ਉਤੇ ਦੱਬੇ ਹੋਏ ਪਾਪ ਦੀ ਛਾਂ ਫਿਰ ਜਾਂਦੀ ਹੈ। ਫਿਰ ਉਹ ਯਕਦਮ ਸੰਭਲਦੀ ਹੈ।)

ਸੰਤੀ : ਪੂਰਾ ਇਕ ਸਾਲ ਹੋ ਗਿਆ। ਇਸੇ ਪੈਂਚਵੀਂ ਨੂੰ ਗਈ ਸੀ ਉਹ। ਜੇ ਵਿਆਹ ਹੋ ਗਿਆ ਹੁੰਦਾ ਤਾਂ ਉਹ ਤੀਆਂ ਨੂੰ ਘਰ ਆਉਂਦੀ। ਇਸ ਵੇਹੜੇ ਵਿਚ ਗਿੱਧਾ ਪਾਉਂਦੀ। ਪੂੜੇ ਪਕਾਉਂਦੀ। ਪੀਂਘਾਂ ਝੂਟਦੀ। ਪਰ ਚੰਦਰੀ ਨੇ ਕੁਝ ਨਾ ਸੋਚਿਆ।

ਬਚਨੀ : ਜਦ ਤੈਨੂੰ ਇਸ ਤਰ੍ਹਾਂ ਕੁੜ੍ਹਦਿਆਂ ਦੇਖਦੀ ਆਂ, ਤਾਂ ਮੇਰੇ ਕਾਲਜੇ ਵਿਚ ਮੁੱਕੀ ਵਜਦੀ ਏ। ਤੂੰ ਸਾਡੀਆਂ ਸਾਰੀਆਂ 'ਚੋਂ ਮਲੂਕ ਹੁੰਦੀ ਸੈਂ। ਖੇਤਾਂ 'ਚੋਂ ਮੁੜਦੀ ਤਾਂ ਢਾਬ ਤੇ ਘੰਟਾ ਘੰਟਾ ਬੈਠੀ ਝਾਵੇਂ ਨਾਲ ਅੱਡੀਆਂ ਕੂਚਦੀ।

ਸੰਤੀ : ਉਹ ਸੰਤੀ ਹੋਰ ਸੀ, ਇਹ ਸੰਤੀ ਹੋਰ ਐ। ਇਊਂ ਲਗਦੈ ਜਿਵੇਂ ਯੁਗ ਬੀਤ ਗਏ ਹੋਣ। ਮੈਂ ਸਭ ਕੁਝ ਭੁਲ ਗਈ।

ਬਚਨੀ : ਤੂੰ ਉਹਨਾਂ ਦਿਨਾਂ ਨੂੰ ਕਿਵੇਂ ਭੁਲ ਗਈ ? ਕੁੜੀਆਂ ਵਿਚੋਂ ਗਿੱਧਾ ਪਾਉਣ ਨੂੰ ਸਭ ਤੋਂ ਅੱਗੇ ਸੀ ਤੂੰ। ਪਿੱਪਲਾਂ ਉੱਤੇ ਚੜ੍ਹਨ ਲਗੇ ਸਭ ਤੋਂ ਤੇਜ਼। ਢਾਬ ਉਤੇ ਕਪੜੇ ਧੋਂਦੀ ਤਾਂ ਧੁਪ ਦੇ ਘੇਰੇ ਚਮਕਦੇ।

ਸੰਤੀ : ਹੁਣ ਵੀ ਢਾਬ ਉੱਤੇ ਤੀਆਂ ਲਗਦੀਆਂ ਹੋਣਗੀਆਂ।

ਬਚਨੀ : ਹਾਂ।

ਸੰਤੀ : ਤੇ ਤੀਵੀਂਆਂ ਸਿਰ ਉੱਤੇ ਪੀਠੀ ਦੇ ਥਾਲ ਚੁੱਕੀਂ ਸਾਉਣ ਭਾਦੋਂ ਵਿਚ ਗਾਉਂਦੀਆਂ ਹੋਈਆਂ ਨਿਕਲਦੀਆਂ ਹੋਣਗੀਆਂ।

ਬਚਨੀ : ਹਾਂ।

ਸੰਤੀ : ਤੇ ਕੁੱਬੇ ਜੰਡ ਨੂੰ ਮੱਥਾ ਟੇਕਣ ਜਾਂਦੀਆਂ ਹੋਣਗੀਆਂ।

ਬਚਨੀ : ਹਾਂ।

ਸੰਤੀ : ਮੇਰਾ ਬਚਪਨ, ਮੇਰੀ ਜਵਾਨੀ, ਮੇਰੇ ਉਹ ਦਿਨ — ਸਭ ਸ਼ੀਸ਼ੇ ਵਾਂਗ ਸਾਹਮਣੇ ਆ ਜਾਂਦੇ ਨੇ ਤੈਨੂੰ ਮਿਲ ਕੇ। ਤੈਥੋਂ ਕੀ ਲੁਕੋ। ਕਈ ਵਾਰ ਸੋਚਦੀ ਆਂ, ਬੈਣੋ ਨਿਕਲ ਗਈ ਤਾਂ ਕਿਹੜੀ ਪਰਲੋ ਆ ਗਈ। ਉਸੇ ਤਰ੍ਹਾਂ ਮੀਂਹ ਵਰ੍ਹਦੇ ਨੇ, ਵਿਆਹ ਹੁੰਦੇ ਨੇ, ਬੱਚੇ ਜੰਮਦੇ ਨੇ, ਮੇਲੇ ਲਗਦੇ ਨੇ। ਹਰ ਚੀਜ਼ ਉਸੇ ਤਰ੍ਹਾਂ ਤੁਰੀ ਜਾਂਦੀ ਐ।

(ਦੀਪਾ ਬਾਹਰੋਂ ਦੌੜਦਾ ਆਉਂਦਾ ਹੈ ਤੇ ਸੰਤੀ ਦੀ ਹਿੱਕ ਨਾਲ ਲਗ ਜਾਂਦਾ ਹੈ।)



Scanned by CamScanner

ਦੀਪਾ : ਮਾਂ!

ਸੰਤੀ : ਕਿਸੇ ਨਾਲ ਲੜ ਕੇ ਆਇਆ ਏਂ ਗਲੀ 'ਚੋਂ ?

ਦੀਪਾ : ਆਹ ਦੇਖ, ਟੇਕੂ ਮੇਰੇ ਖਰੋਟ ਖੋਂਹਦਾ ਸੀ। ਜਦ ਮੈਂ ਜਿਤ ਗਿਆ ਤਾਂ ਮੈਨੂੰ ਗਾਲ੍ਹਾਂ ਕਢਣ ਲਗਾ। ਮੈਂ ਸਾਰੇ ਖਰੋਟ ਚੁੱਕ ਕੇ ਭੱਜ ਆਇਆ।

ਸੰਤੀ : ਨਾ ਪੁੱਤ ਲੜਿਆ ਨਾ ਕਰ।

ਦੀਪਾ : ਫੇਰ ਉਸ ਨੇ ਮੈਨੂੰ ਗਾਲ੍ਹ ਕਿਉਂ ਕੱਢੀ ?

ਸੰਤੀ : ਉਸ ਦੀ ਜੀਭ ਗੰਦੀ ਹੋਈ, ਤੇਰਾ ਕੀ ਗਿਆ (ਸਿਰ ਚੁੰਮ ਕੇ) ਮੇਰਾ ਸੁਹਣਾ ਚੰਨ! ਬੜਾ ਸਾਊ ਐ ਮੇਰਾ ਪੁੱਤ! ਤੇਰੇ ਬਾਪੂ ਨੂੰ ਤੇਰੇ ਤੇ ਬੜੀਆਂ ਆਸਾਂ ਨੇ...ਊਂਹ! ਕਿਹੋ ਜਿਹੀ ਮੁਸ਼ਕ ਆਉਂਦੀ ਐ ਤੇਰੇ ਵਾਲਾਂ 'ਚੋਂ। ਰੂੜੀਆਂ ਉੱਤੇ ਖੇਡਦਾ ਸੀ ?

ਦੀਪਾ : ਨਹੀਂ ਮਾਂ ? ਰਾਤੀਂ ਚਿਰ ਤੀਕ ਬਾਪੂ ਨਾਲ ਭੱਠੀ ਉੱਤੇ ਬੈਠਾ ਫੂਕਾਂ ਲਾਉਂਦਾ ਰਿਹਾ। ਮੱਚੇ ਹੋਏ ਲੋਹੇ ਦਾ ਬੂਰ ਮੇਰੇ ਸਿਰ ਵਿਚ ਪੈ ਗਿਆ ਹੋਊ।

ਸੰਤੀ : ਚੰਗਾ ਇਉਂ ਕਰ...ਵੇ ਹੁਣ ਕਿਧਰ ਚਲਿਐਂ ?

ਦੀਪਾ : ਬਾਹਰ ਖੇਡਣ।

ਸੰਤੀ : ਬਥੇਰਾ ਖੇਡ ਲਿਆ। ਖਰੋਟਾਂ ਨੂੰ ਸਾਂਭ ਕੇ ਰੱਖ, ਤੇ ਭੱਠੀ 'ਚੋਂ ਸੁਆਹ ਕੱਢ।

ਦੀਪਾ : ਨਾ।

ਸੰਤੀ : ਰਿਹਾੜ ਨਾ ਕਰ।

ਦੀਪਾ : ਨਾ।

ਸੰਤੀ : ਬੀਬਾ ਬਣੀਂਦੈ। ਤੇਰੇ ਬਾਪੂ ਨੇ ਹੁਣੇ ਆ ਜਾਣੈ। ਤੈਨੂੰ ਟੋਲ੍ਹਦਾ ਫਿਰੂ।

ਦੀਪਾ : ਰਾਤ ਬੈਠੇ ਬੈਠੇ ਮੇਰੀ ਵੱਖੀ ਅੰਬ ਗਈ। ਫੂਕਾਂ ਲਾ ਲਾ ਮੇਰਾ ਗੁੱਟ ਦੁਖਣ ਲਗ ਪਿਆ। ਮੈਂ ਤਾਂ ਹੁਣ ਖੇਡਣ ਜਾਣੈ।

ਸੰਤੀ : ਤੇ ਭੱਠੀ ਦੀ ਸੁਆਹ ਕੌਣ ਕੱਢੂ ?

ਦੀਪਾ : ਮੈਂ ਕਿਉਂ ਕਰਾਂ ਬੈਣੋ ਦੇ ਕੰਮ ?

ਸੰਤੀ : ਹੁਣ ਫਿਰ ਹੋਰ ਕੌਣ ਕਰੂ ? ਤੂੰ ਹੀ ਕਰੇਂਗਾ ਨਾ ਜੀਊਣ ਜੋਗਿਆ।

ਦੀਪਾ : ਮੈਂ ਕਿਉਂ ਕਰਾਂ। ਤੂੰ ਕਰ ਬੈਣੋ ਦੇ ਕੰਮ।

(ਦੌੜ ਜਾਂਦਾ ਹੈ।)

ਸੰਤੀ : ਜਦੋਂ ਦੀਪਾ ਮੇਰੀ ਹਿੱਕ ਨਾਲ ਲਗਿਆ, ਤਾਂ ਉਸ ਦੇ ਵਾਲਾਂ 'ਚੋਂ ਅਜੀਬ ਮੁਸ਼ਕ ਆਈ। ਇਹ ਮੇਰੇ ਕਾਲਜੇ ਦੇ ਹੇਠਾਂ ਹੀ ਹੇਠਾਂ ਉਤਰਦੀ ਗਈ। ਜੀ ਘਿਰਨ ਲਗਾ। ਬਹੁਤ ਚਿਰ ਪਹਿਲਾਂ ... ਜਦੋਂ ਮੈਂ ਇਸ ਘਰ ਵਿਚ ਪੈਰ ਪਾਇਆ ਤਾਂ ਉਸ ਵੇਲੇ ਵੀ ਮੈਨੂੰ ਇਹੋ ਮੁਸ਼ਕ ਆਈ ਸੀ। ਹਰ ਘਰ ਦੀ ਆਪਣੀ ਹੀ ਇਕ ਖਾਸ ਮੁਸ਼ਕ ਹੁੰਦੀ ਹੈ ... ਹੌਲੀ ਹੌਲੀ ਧੌਂਕਣੀ ਦੇ ਚੰਮ ਦੀ ਕੱਚੀ ਹਵਾੜ੍ਹ ਤੇ ਮੱਚੇ ਹੋਏ ਲੋਹੇ ਦੀ ਮੁਸ਼ਕ ਆਉਣੋਂ ਹਟ ਗਈ। ਅੱਜ ਉੱਨੀ ਵਰ੍ਹਿਆਂ ਪਿਛੋਂ ਇਕਦਮ ਇਹ ਮੇਰੇ ਕਾਲਜੇ ਵਿਚ ਵੱਜੀ।

ਬਚਨੀ : ਬੈਣੋ ਯਾਦ ਆਉਂਦੀ ਐ ?

ਸੰਤੀ : ਹਾਂ। ਕਦੇ ਕਦੇ ਉਹ ਮੇਰੇ ਢਿੜ ਵਿਚ ਛਮਕਾਂ ਮਾਰਦੀ ਐ, ਤੇ ਸ਼ਾਇਦ ਮੇਰੇ ਮਰਨ ਤੀਕ ਇਸੇ ਤਰ੍ਹਾਂ ਛਮਕਾਂ ਮਾਰਦੀ ਰਹੇ। ਮੈਂ ਇਹਨਾਂ ਨੂੰ ਜਰਨ ਦੀ ਆਦੀ ਹੋ ਗਈ ਆਂ। ਉਹ ਚਲੀ ਗਈ ... ਜਦੋਂ ਮੈਂ ਵਾੜੇ ਵਿਚ ਧਾਰ ਕਢਣ ਜਾਂਦੀ ਹਾਂ ਤਾਂ ਹਨੇਰੇ ਵਿਚ ਮੈਨੂੰ ਬੈਣੋ ਦੀ ਛਾਂ ਹਿਲਦੀ ਦਿਸਦੀ ਐ ... ਡੰਗਰਾਂ ਦੇ

Scanned by CamScanner

ਕੋਸੇ ਸਾਹਾਂ ਵਿਚ ਉਸ ਦਾ ਸਾਹ ... ਚੰਦਰੀ ਸਭ ਕੁਝ ਬਣਿਆ ਬਣਾਇਆ ਪਿਛੇ ਛਡ ਗਈ — ਟੂੰਮਾਂ, ਲਾਲ ਜੋੜਾ, ਆਪਣੇ ਹੱਥ ਦੀ ਕੱਢੀ ਫੁਲਕਾਰੀ ... ਦੂਜੇ ਦਿਨ ਮੈਂ ਉਹਨਾਂ ਟਿੱਬਿਆਂ ਉੱਤੇ ਉਹਦੀਆਂ ਪੈੜਾਂ ਟੋਲਦੀ ਫਿਰੀ। ਦੇਖਿਆ ਉਹ ਲਾਲ ਜੁੱਤੀ ਵੀ ਰੇਤੇ ਵਿਚ ਹੀ ਛਡ ਗਈ ਸੀ। ਮੈਂ ਚੁੱਕ ਕੇ ਘਰ ਲੈ ਆਈ ਤੇ ਸੰਦੂਕ ਵਿਚ ਸਾਂਭ ਦਿਤੀ ... ਕਈ ਵਾਰ ਇੰਜ ਲਗਦੈ ਕਿ ਉਹ ਮੈਨੂੰ ਨਾਲ ਲੈ ਗਈ ਤੇ ਆਪਣੇ ਆਪ ਨੂੰ ਪਿਛੇ ਛੱਡ ਗਈ। ਇਕ ਅਜੀਬ ਉਲਝਣ, ਤੇ ਝਉਲਿਆਂ ਤੇ ਪਰਛਾਵਿਆਂ ਦਾ ਟੂਣਾ ਹੋ ਗਿਐ ਮੇਰੇ ਉੱਤੇ। ਸਮਝ ਨਹੀਂ ਪੈਂਦੀ। ਮੈਨੂੰ ਨਹੀਂ ਪਤਾ ਮੇਰੇ ਅੰਦਰ ਕੀ ਹੋ ਰਿਹੈ। ਹਰ ਚੀਜ਼, ਹਰ ਸ਼ਕਲ ਤੇ ਹਰ ਕਾਰਜ ਪੁੱਠਾ ਤੁਰ ਪਿਆ ਜਾਪਦੈ। ਇਉਂ ਲਗਦੈ ਜਿਵੇਂ ਸੂਰਜ ਪੱਛਮ ਵਿਚੋਂ ਨਿਕਲ ਰਿਹਾ ਹੋਵੇ ਤੇ ਪੂਰਬ ਵਿਚ ਛਿਪ ਰਿਹਾ ਹੋਵੇ। ਕਈ ਵਾਰ ਮੈਂ ਚਰਖਾ ਉਲਟਾ ਚਲਾਉਣ ਲਗਦੀ ਆਂ। ਇਸ ਹੱਥ ਨੂੰ ਆਖਦੀ ਆਂ ਕਿ ਧੌਂਕਣੀ ਵਿਚ ਹਵਾ ਭਰੇ। ਪਰ ਇਹ ਹੱਥ ਮੇਰਾ ਆਖਾ ਨਹੀਂ ਮੰਨਦਾ। ਆਪਣੇ ਆਪ ਨੂੰ ਟੋਲਦੀ ਫਿਰਦੀ ਹਾਂ ਹਨੇਰੇ ਵਿਚ। ਤੀਵੀਂ ਦੀ ਹੋਣੀ ਕੀ ਹੈ ? ਆਪਣੇ ਘਰ ਦੀ ਰਾਖੀ ਕਰੇ। ਪਰ ਜੇ ਘਰ ਹੀ ਖਾਣ ਨੂੰ ਆਵੇ, ਫੇਰ ?

ਬਚਨੀ : ਪਰ ਤੀਵੀਂ ਦੀ ਘਰ ਵਿਚ ਹੀ ਗਤੀ ਐ। ਉਸ ਦਾ ਆਦਮੀ, ਉਸ ਦਾ ਟੱਬਰ, ਉਸ ਦੇ ਬੱਚੇ। ਤੂੰ ਦੀਪੇ ਵੱਲ ਦੇਖ।

ਸੰਤੀ : ਹਾਂ। ਦੀਪਾ ਹੁਣ ਸੁਖ ਨਾਲ ਤੇਰਾਂ ਸਾਲ ਦਾ ਹੋ ਗਿਐ। ਦੋ ਚਾਰ ਸਾਲ ਹੋਰ ਟੱਪੇ, ਤੇ ਵਿਆਹੁਣ ਜੋਗਾ ਹੋ ਜਾਊ। ਉਸ ਦੀ ਬਹੂ ਘਰ ਆਊ ਤੇ ਚੌਂਕਾ ਚੁੱਲਾ ਸਾਂਭ ਲਊ। ਹੋਰ ਮੈਨੂੰ ਕੀ ਚਾਹੀਦੈ ?

ਬਚਨੀ : ਚੰਗਾ ਫਿਰ ਮੈਂ ਚਲਦੀ ਹਾਂ, ਕੱਲ੍ਹ ਨੂੰ ਆਊਂਗੀ। ਖੂਹ ਤੇ ਚਲਾਂਗੀਆਂ।

ਸੰਤੀ : ਮੈਂ ਵੀ ਰੋਟੀ ਟੁਕ ਨੂੰ ਲਗਾਂ। ਉਸ ਦੇ ਆਉਣ ਦਾ ਵੇਲਾ ਏ।

(ਬਚਨੀ ਜਾਂਦੀ ਹੈ। ਸੰਤੀ ਕਾਕੂ ਦਾ ਝੱਗਾ ਸਾਂਭਦੀ ਹੈ ਤੇ ਚੁੱਲ੍ਹੇ ਵਿਚ ਅੱਗ ਬਾਲਦੀ ਹੈ। ਹਾਂਡੀ ਵਿਚ ਡੋਈ ਫੇਰਦੀ ਹੈ।

ਕਾਕੂ ਦਾਖਿਲ ਹੁੰਦਾ ਹੈ। ਉਹ ਖੁਸ਼ੀ ਵਿਚ ਝੂਮ ਕੇ ਸੰਤੀ ਦੀ ਪਿਠ ਉਤੇ ਧੱਫਾ ਮਾਰਦਾ ਹੈ।)

ਕਾਕੂ : ਬੱਲੇ ਨੀ ਨਾਭੇ ਦੀਏ ਬੰਦ ਬੋਤਲੇ!

ਸੰਤੀ : ਅੱਜ ਫੇਰ ਪੀ ਕੇ ਆਇਐਂ ? ਉਸੇ ਦੇ ਘਰ ਗਿਆ ਹੋਵੇਂਗਾ।

ਕਾਕੂ : ਕਿਸ ਦੇ ਘਰ ?

ਸੰਤੀ : ਉਸ ਹਰਾਮਣ ਬਣਸੋ ਦੇ ਘਰ।

ਕਾਕੂ : ਕੌਣ ਕਹਿੰਦਾ ਐ ?

ਸੰਤੀ : ਮੈਂ ਕਚਹਿਰੀ ਵਿਚ ਨਹੀਂ ਖੜੀ ਕਿ ਕਿਸੇ ਦੀ ਗਵਾਹੀ ਲਿਆਵਾਂ। ਮੇਰਾ ਦਿਲ ਗਵਾਹ ਹੈ। ਜਦੋਂ ਤੂੰ ਉਸ ਬੇਸਵਾ ਕੋਲੋਂ ਆਉਂਦਾ ਹੈਂ ਤਾਂ ਤੇਰੇ ਤੌਰ ਹੀ ਹੋਰ ਹੁੰਦੇ ਨੇ। ਮੈਂ ਤੇਰੀ ਤੋਰ ਦੇਖ ਕੇ ਹੀ ਪਛਾਣ ਜਾਨੀ ਆਂ। ਤੇਰੀ ਆਵਾਜ਼ ਵਿਚ ਕੋਈ ਦੂਜੀ ਤੀਵੀਂ ਬੋਲਦੀ ਐ। ਅੱਜ ਵੀ ਉਥੋਂ ਈ ਆਇਐਂ।

ਕਾਕੂ : ਵੇਹੜੇ ਵਿਚ ਪੈਰ ਨਹੀਂ ਪਾਇਆ ਕਿ ਤੂੰ ਬੋਲਣਾ ਸ਼ੁਰੂ ਕਰ ਦਿਤਾ।

ਸੰਤੀ : ਬੋਲਾਂ ਵੀ ਨਾ ? ਮੇਰੇ ਅੰਦਰ ਕੀ ਮਚਦੈ, ਤੈਨੂੰ ਕੀ ਪਤਾ ? ਰਾਤਾਂ ਨੂੰ ਮੈਂ ਹਨੇਰੇ ਵਿਚ ਬੈਠੀ ਰੋਂਦੀ ਹਾਂ ਪਰ ਤੂੰ ਸ਼ਰਾਬ ਵਿਚ ਗੁੱਟ ਪਿਆ ਹੁਨੈਂ। ਜਦ ਤੂੰ ਮੈਨੂੰ

Scanned by CamScanner

ਫੜਦਾ ਹੈਂ ਤਾਂ ਕਈ ਵਾਰ ਬਣਸੋ ਆਖ ਦੇਨੈਂ। ਹਨੇਰੇ ਵਿਚ ਮੈਂ ਤੈਨੂੰ ਬਣਸੋ ਈ ਲਗਦੀ ਹਾਂ। ਉਹ ਕੰਜਰੀ ਵਸੀ ਹੋਈ ਹੈ ਤੇਰੇ ਹੱਡਾਂ ਵਿਚ।

ਕਾਕੂ : ਖ਼ਬਰਦਾਰ ਜੇ ਉਹਦਾ ਨਾ ਲਿਆ।

ਸੰਤੀ : ਕਿਉਂ ਨਾ ਲਵਾਂ ? ਸੌ ਵਾਰੀ ਆਖਾਂਗੀ ਬਣਸੋ, ਬਣਸੋ, ਬਣਸੋ। ਉਸੇ ਦਾ ਸਿਆਪਾ ਕਰਾਂਗੀ ਇਸ ਵੇਹੜੇ ਵਿਚ।

ਕਾਕੂ : ਕਿਉਂ ਭੌਂਕਦੀ ਐਂ। (ਚਪੇੜ ਮਾਰਦਾ ਹੈ)।

ਸੰਤੀ : (ਛਾਤੀ ਪਿੱਟ ਕੇ) ਹੋਰ ਮਾਰ ਲੈ ਮੈਨੂੰ ਤਾਂ ਜੁ ਉਸ ਕੁੱਤੀ ਦਾ ਕਾਲਜਾ ਠੰਢਾ ਹੋਵੇ। ਚਲਿਆ ਜਾਹ ਉਸੇ ਕੋਲ। ਉਸੇ ਭੱਠ-ਝੋਕਣੀ ਦੇ ਘਰ। ਸਾਰਾ ਪਿੰਡ ਤਮਾਸ਼ਾ ਦੇਖੇ ਤੇਰਾ। ਜਾਹ ਉਸੇ ਕੋਲ।

ਕਾਕੂ : ਕਮਜ਼ਾਤੇ, ਤੀਵੀਂ ਹੋ ਕੇ ਮੈਨੂੰ ਹੀ ਘਰੋਂ ਕਢਣਾ ਚਾਹੁੰਦੀ ਹੈਂ, ਮੈਂ ਇਹ ਨਿੱਤ ਦਾ ਸਿਆਪਾ ਮੁਕਾ ਦੇਵਾਂਗਾ। ਜੇ ਨਹੀਂ ਰਹਿਣਾ ਇਸ ਤਰ੍ਹਾਂ ਤਾਂ ਨਿਕਲ ਜਾਹ ਮੇਰੇ ਘਰੋਂ।

ਸੰਤੀ : ਕਿਉਂ ਨਿਕਲ ਜਾਵਾਂ ? ਇਸ ਘਰ ਵਿਚੋਂ ਤਾਂ ਮੇਰੀ ਅਰਥੀ ਹੀ ਨਿਕਲੂਗੀ! ਵਿਆਹ ਕੇ ਲਿਆਂਦੀ ਹੋਈ ਆਂ, ਫੜ ਕੇ ਤਾਂ ਨਹੀਂ ਸੀ ਲਿਆਂਦੀ। ਜਦੋਂ ਇਸ ਘਰ ਆਈ ਸਾਂ ਤਾਂ ਤੂੰ ਮੈਨੂੰ ਇਸ ਘਰ ਦੀ ਰਾਣੀ ਆਖਿਆ ਸੀ। ਦੋਸਤਾਂ ਨੇ ਘੁੰਡ ਚੁਕਾਈ ਦਾ ਸਵਾ ਸਵਾ ਰੁਪੱਈਆ ਡੱਬਲ ਚਾਂਦੀ ਦਾ ਦਿਤਾ ਸੀ। ਇਸ ਘਰ ਵਿਚੋਂ ਮੈਂ ਕਿਵੇਂ ਨਿਕਲ ਜਾਵਾਂ। ਮੈਂ ਇਸ ਘਰ ਵਿਚ ਤੇਰੀ ਬਣ ਕੇ ਰਹੀ ਆਂ — ਦਿਨ ਰਾਤ ਕੰਮ ਵਿਚ ਰੁਝੀ ਹੋਈ।

ਕਾਕੂ : ਅੱਕ ਗਈ ਐਂ ਕੰਮ ਤੋਂ ?

ਸੰਤੀ : ਕੰਮ ਨੇ ਤਾਂ ਮੇਰੀ ਸੁਰਤ ਸਾਂਭੀ ਰੱਖੀ ਐ। ਤੂੰ ਹੀ ਦੱਸ, ਸਿਆਲ ਦੀਆਂ ਲੰਮੀਆਂ ਰਾਤਾਂ ਨੂੰ ਭੱਠੀ ਕੋਲ ਬੈਠੀ ਤੇਰੀਆਂ ਖੰਡੀਆਂ ਨਹੀਂ ਸਿਉਂਦੀ ਰਹੀ ? ਤੇਰੇ ਪੁਰਾਣੇ ਤਹਿਮਦ ਕੱਟ ਕੇ ਦੀਪੇ ਦੇ ਝੱਗੇ ਨਹੀਂ ਬਣਾਉਂਦੀ ਰਹੀ ? ਆਪ ਰੂੰ ਪਿੰਜ ਕੇ ਜੁੱਲੀਆਂ ਨਹੀਂ ਭਰਦੀ ਰਹੀ ? ਤੈਨੂੰ ਖ਼ੁਸ਼ ਰੱਖਣ ਤੇ ਘਰ ਦੀ ਇੱਜ਼ਤ ਨੂੰ ਸਾਂਭਣ ਦੇ ਸਾਰੇ ਜਤਨ ਕੀਤੇ। ਤੇਰੇ ਲਈ ਧੀ ਜੰਮੀ, ਪੁੱਤ ਜੰਮਿਆਂ। ਪਰ ਤੂੰ ਹਮੇਸ਼ਾਂ ਰੜਕ ਰੱਖੀ। ਸ਼ੱਕ ਨੂੰ ਮਨ ਵਿਚ ਪਾਲਿਆ। ਮੈਨੂੰ ਇਕ ਦਿਨ ਵੀ ਕਿਤੇ ਨਾ ਜਾਣ ਦਿਤਾ। ਬੱਸ ਭੱਠੀ ਨਾਲ ਬੰਨ੍ਹੀ ਰਖਿਆ। ਇਕ ਵਾਰ ਮੈਂ ਆਪਣਾ ਪੇਕਾ ਘਰ ਛਡਿਆ, ਦੁਬਾਰਾ ਉਥੇ ਜਾਣ ਨਾ ਦਿਤਾ।

ਕਾਕੂ : ਤੈਨੂੰ ਕਦੋਂ ਰੋਕਿਐ ਪੇਕੇ ਜਾਣ ਤੋਂ ?

ਸੰਤੀ : ਹੁਣ ਮੈਂ ਕੀਹਦੇ ਕੋਲ ਜਾਵਾਂ ? ਕੌਣ ਐ ਮੇਰਾ ? ਨਾ ਮਾਂ ਨਾ ਪਿਉ। ਹਾਨਣਾਂ ਸਨ ਉਹ ਸਭ ਵਿਆਹੀਆਂ ਗਈਆਂ। ਨਾ ਕੋਈ ਭੈਣ ਨਾ ਭਰਾ। ਮਾਂ ਦੇ ਮਰਨ ਪਿਛੋਂ ਮੇਰਾ ਉਥੇ ਜਾਣ ਨੂੰ ਕਦੇ ਜੀਅ ਨਾ ਕੀਤਾ। ਮੇਰਾ ਬਾਪ ਵੀ ਇਕ ਜ਼ਾਲਮ ਲੋਹਾ-ਕੁੱਟ ਸੀ — ਅੜ੍ਹਬ, ਸ਼ਰੀਕਾਂ ਨਾਲ ਵੈਰ ਰਖਣ ਵਾਲਾ, ਸ਼ੱਕੀ। ਸਾਰੀ ਉਮਰ ਮੇਰੀ ਮਾਂ ਨੂੰ ਕੋਂਹਦਾ ਰਿਹਾ। ਇਕ ਦਿਨ ਉਹ ਕਚਹਿਰੀ ਗਵਾਹੀ ਦੇਣ ਗਿਆ। ਸਾਡੇ ਵੇਹੜੇ ਨਿੰਮ ਦਾ ਦਰੱਖ਼ਤ ਸੀ ਜਿਸ ਉਤੇ ਮੈਂ ਪੀਂਘ ਝੂਟਦੀ। ਉਸੇ ਪੀਂਘ ਦੇ ਰੱਸੇ ਨਾਲ ਮੇਰੀ ਮਾਂ ਨੇ ਫਾਹਾ ਲੈ ਲਿਆ। ਮੇਰੇ ਬਾਪ ਨੇ ਮੈਨੂੰ ਤੇਰੇ ਨਾਲ ਵਿਆਹ ਕੇ ਆਪਣਾ ਹੱਠ ਪੁਗਾਇਆ। ਮੈਂ ਇਕ ਭੱਠੀ ਤੋਂ ਦੂਜੀ ਭੱਠੀ ਦੀ ਸੁਆਹ ਫਰੋਲਣ ਲਈ ਇਥੇ ਆ ਗਈ। ਇਥੇ ਹਰ ਚੀਜ਼ ਤੇਰੇ ਕਰੜੇ ਸੁਭਾਅ ਨੇ ਪੀਹ ਸੁੱਟੀ। ਲੋਹਾ ਕੁਟਦੇ ਕੁਟਦੇ ਤੂੰ ਆਪ ਲੋਹਾ ਹੋ ਗਿਆ

(ਰੋਣ ਲਗਦੀ ਹੈ।)

Scanned by CamScanner

ਕਾਕੂ : ਤੂੰ ਕਦੇ ਨਹੀਂ ਸਮਝੇਂਗੀ ਮਰਦ ਦੇ ਕਿੱਤੇ ਨੂੰ। ਜੋ ਕੰਮ ਕਰੋ ਉਸ ਵਿਚ ਆਪਣੀ ਦੇਹ ਢਾਲਣੀ ਪੈਂਦੀ ਹੈ। ਰੋਣ ਕਿਉਂ ਲਗ ਪਈ ? ਮਰਦ ਦਾ ਗੁੱਸਾ ਨਿਰਾ ਪਾਣੀ ਦੀ ਝੱਗ ਐ। ਮਨ ਅੰਦਰ ਕੁਝ ਨਹੀਂ ਹੁੰਦਾ। ਕਮਲੀਏ ਤੂੰ ਮੇਰੀ ਤੀਵੀਂ, ਮੈਂ ਤੇਰਾ ਮਰਦ। ਆਪਸ ਵਿਚ ਦਾ ਝਗੜਾ ਵੀ ਕੋਈ ਝਗੜਾ ਹੁੰਦੈ! ਤੇਰੇ ਤੇ ਮੇਰੇ ਵਿਚਕਾਰ ਕੋਈ ਹੋਰ ਨਹੀਂ। ਉਸ ਸਾਲੀ ਬਣਸੋ ਨੂੰ ਮੈਂ ਕੀ ਸਮਝਦਾ ਹਾਂ। ਉਹ ਤਾਂ ਤੇਰੇ ਪੈਰ ਦੀ ਜੁੱਤੀ ਬਰਾਬਰ ਵੀ ਨਹੀਂ। ਦੱਸ ਮੈਨੂੰ, ਅੱਜ ਮੀਢੀਆਂ ਗੁੰਦੀਆਂ ਸਨ, ਬੋਲ ਸੰਤੀਏ, ਹੁਣ ਗਲ ਤਾਂ ਕਰ ਮੇਰੇ ਨਾਲ।

ਸੰਤੀ : (ਹੰਝੂਆਂ ਵਿਚ) ਮੈਂ ਵਾਲਾਂ ਵਿਚ ਸੰਧੂਰ ਭਰਿਆ, ਦੰਦਾਸਾ ਮਲਿਆ, ਤੇਰੇ ਲਈ। ਕਰੂਏ ਦਾ ਵਰਤ ਰਖਿਆ ਹੈ ਨਾ ਅੱਜ ਮੈਂ।

ਕਾਕੂ : ਤੂੰ ਸੁਹਣੀ ਲਗਦੀ ਹੈਂ।

ਸੰਤੀ : ਕਈ ਮਹੀਨਿਆਂ ਪਿਛੋਂ ਤੂੰ ਆਖੀ ਐ ਇਹ ਗੱਲ।

ਕਾਕੂ : ਕਿੰਨੇ ਵਰ੍ਹੇ ਹੋ ਗਏ ਆਪਣੇ ਵਿਆਹ ਨੂੰ ?

ਸੰਤੀ : ਪੂਰੇ ਉੱਨੀ ਸਾਲ। ਚੇਤ ਦਾ ਮਹੀਨਾ ਸੀ ਜਦੋਂ ਮੈਂ ਇਸ ਘਰ ਦੀ ਦਹਿਲੀਜ਼ ਟੱਪੀ।

ਕਾਕੂ : ਦੀਵੇ ਦੀ ਲਾਟ ਵਿਚ ਅੱਜ ਤੂੰ ਹੋਰ ਵੀ ਸੁਹਣੀ ਲਗਦੀ ਹੈਂ।

ਸੰਤੀ : ਮੈਨੂੰ ਹਾਲੇ ਤੀਕ ਯਾਦ ਐ ਵਿਆਹ ਤੋਂ ਇਕ ਦਿਨ ਪਹਿਲਾਂ ਮੈਂ ਤਾਰਿਆਂ ਦੀ ਛਾਂ ਵਿਚ ਖੂਹ ਤੇ ਪਾਣੀ ਭਰਨ ਗਈ ਸੀ। ਨਾਲ ਮੇਰੀਆਂ ਸਹੇਲੀਆਂ। ਮੈਂ ਕੋਰਾ ਘੜਾ ਖੂਹ ਤੋਂ ਭਰਿਆ ਤਾਂ ਮਾਂ ਨੇ ਆਖਿਆ, 'ਹੁਣ ਤੂੰ ਏਸ ਰਾਹ ਤੋਂ ਆਪਣੇ ਘਰ ਵਾਪਿਸ ਨਹੀਂ ਮੁੜਨਾ। ਇਹ ਰਾਹ ਹੁਣ ਤੇਰੇ ਲਈ ਬੰਦ ਹੋ ਗਿਆ।' ਫਿਰ ਮੈਂ ਦੂਜੇ ਰਾਹ ਮੋੜ ਕੱਟ ਕੇ ਘਰ ਵਾਪਿਸ ਆਈ, ਸਿਰ ਤੇ ਪਾਣੀ ਦਾ ਘੜਾ ਚੁਕੀਂ। ਉਸ ਦਿਨ ਤੋਂ ਮੈਂ ਤੇਰੀ ਹੋ ਗਈ ਸਾਂ। ਮੈਂ ਅੱਜ ਕਰੂਏ ਦਾ ਵਰਤ ਰਖਿਆ ਹੈ। ਆਥਣ ਦੀ ਤੈਨੂੰ ਉਡੀਕਦੀ ਸਾਂ। ਤੈਨੂੰ ਰੋਟੀ ਖੁਆ ਕੇ ਮੈਂ ਟੁਕ ਭੰਨਣਾ ਸੀ। ਪਰ ਤੂੰ ਦਾਰੂ ਪੀ ਕੇ ਘਰ ਵੜਿਆ। ਤੀਵੀਂ ਮਰਦ ਲਈ ਸਭ ਕੁਝ ਵਾਰ ਦੇਂਦੀ ਐ। ਆਪਣਾ ਘਰ ਛਡ ਕੇ ਆਪਣਾ ਵੇਹੜਾ ਤੇ ਪਿੰਡ ਛਡ ਕੇ ਜਦੋਂ ਮੈਂ ਡੋਲੀ ਵਿਚ ਬੈਠੀ ਤਾਂ ਹਰ ਚੀਜ਼ ਪਰਾਈ ਹੋ ਗਈ। ਬਸ ਤੂੰ ਤੇ ਭੱਠੀ ਤੇ ਚੁੱਲ੍ਹਾ ਮੇਰਾ ਸੁਹਾਗ ਬਣ ਗਏ। ਮੈਂ ਇਹਨਾਂ ਦੀ ਪੂਜਾ ਕਰਦੀ ਆਂ। ਮੈਂ ਤੇਰੀ ਹਾਂ।

ਕਾਕੂ : ਮੈਨੂੰ ਪਤਾ ਹੈ। ਬਸ ਭੁਲ ਜਾਹ ਮੇਰੀਆਂ ਮਾੜੀਆਂ ਗੱਲਾਂ।

ਸੰਤੀ : ਰੋਟੀ ਲਿਆਵਾਂ ?

ਕਾਕੂ : ਹਾਂ, ਲਿਆ।

ਸੰਤੀ : ਚੰਦ ਨਿਕਲ ਆਇਆ। ਪਰ ਮੈਂ ਇਸ ਨੂੰ ਦੇਖਣਾ ਨਹੀਂ। ਕਾਂਸੀ ਦੇ ਥਾਲ ਵਿਚ ਪਾਣੀ ਪਾ ਕੇ ਦਰਸ਼ਨ ਕਰਦੀ ਹਾਂ ਚੰਦਰਮਾਂ ਦੇ।

(ਸੰਤੀ ਪਾਣੀ ਨਾਲ ਭਰੇ ਥਾਲ ਵਿਚ ਚੰਦਰਮਾ ਦੇਖਦੀ ਹੈ। ਉਹ ਅਰਘ ਚੜ੍ਹਾਉਂਦੀ ਹੈ। ਕਾਕੂ ਸ਼ਰਾਬ ਦੀ ਬੋਤਲ ਖੋਲ੍ਹਦਾ ਹੈ ਤੇ ਗਲਾਸ ਵਿਚ ਪਾ ਕੇ ਗਟ ਗਟ ਪੀਣ ਲਗਦਾ ਹੈ। ਸੰਤੀ ਰਸੋਈ ਵਿਚ ਜਾ ਕੇ ਰੋਟੀ ਲਿਆਉਂਦੀ ਹੈ। ਕਾਕੂ ਸ਼ਰਾਬ ਵਿਚ ਗੁੱਟ ਚੌਫਾਲ ਪਿਆ ਹੈ। ਸੰਤੀ ਰੋਟੀ ਦਾ ਥਾਲ ਲਈ ਖੜ੍ਹੀ ਉਸ ਨੂੰ ਦੇਖਦੀ ਹੈ। ਉਸ ਦੇ ਚੇਹਰੇ ਦਾ ਦਰਦ ਗੁੱਸੇ ਵਿਚ ਬਦਲ ਜਾਂਦਾ ਹੈ।)

(ਹਨੇਰਾ)

Scanned by CamScanner

## ਸੀਨ ਦੂਜਾ

(ਸ਼ਾਮ ਦਾ ਵੇਲਾ। ਸੂਰਜ ਦੀਆਂ ਕਿਰਨਾਂ ਤਿਰਛੀਆਂ ਪੈ ਰਹੀਆਂ ਹਨ। ਸੰਤੀ ਭੱਠੀ ਵਿਚੋਂ ਸੁਆਹ ਕਢ ਰਹੀ ਹੈ। ਉਸ ਦੇ ਵਾਲ ਖਿਲਰੇ ਹੋਏ, ਤੇ ਚਿਹਰੇ ਉਤੇ ਉਦਾਸੀ। ਉਹ ਖ਼ਿਆਲਾਂ ਵਿਚ ਡੁਬੀ ਹੋਈ ਹੈ। ਗੱਜਣ ਆਉਂਦਾ ਹੈ। ਸੰਤੀ ਉਸ ਨੂੰ ਚੌਂਕ ਕੇ ਹੈਰਾਨੀ ਨਾਲ ਦੇਖਦੀ ਹੈ।)

ਸੰਤੀ : ਤੂੰ ? ਕੀ ਲੈਣ ਆਇਆਂ ਏ ਏਥੇ ?

ਗੱਜਣ : ਸੋਚਿਆ ਸੀ ਇਸ ਵਿਹੜੇ ਵਿਚ ਕਦੇ ਪੈਰ ਨਹੀਂ ਪਾਉਣਾ।

ਸੰਤੀ : ਚਲਿਆ ਜਾਹ ਏਥੋਂ! ਮੈਂ ਤੇਰੀ ਸ਼ਕਲ ਵੀ ਨਹੀਂ ਦੇਖਣਾ ਚਾਹੁੰਦੀ।

ਗੱਜਣ : ਮੈਨੂੰ ਪਤੈ।

ਸੰਤੀ : ਫੇਰ ਕਿਉਂ ਆਇਐਂ ਏਥੇ ?

ਗੱਜਣ : ਸੈਂਕੜੇ ਵਾਰ ਦਲੀਲਾਂ ਕੀਤੀਆਂ। ਪਿੰਡੋਂ ਤੁਰਿਆ ਤਾਂ ਰਾਹ ਵਿਚੋਂ ਹੀ ਵਾਪਸ ਮੁੜ ਗਿਆ। ਫਿਰ ਪਤਾ ਨਹੀਂ ਕੀ ਹੋਇਆ। ਤੂੰ ਮਨ ਵਿਚ ਰੜਕਦੀ ਸੀ। ਇਹ ਰੜਕ ਕੱਢਣ ਆਇਆ ਹਾਂ। ਮੈਂ ਚਾਹੁੰਦਾ ਤੂੰ ਮੈਨੂੰ ਫੇਰ ਗਾਲ੍ਹਾਂ ਕਢੇਂ ਤੇ ਫਿਰ ਇਸ ਵੇਹੜੇ 'ਚੋਂ ਧੱਕਾ ਦੇਵੇਂ ਤਾਂ ਜੁ ਹਮੇਸ਼ਾਂ ਲਈ ਇਹ ਰੜਕ ਮਿਟ ਜਾਵੇ।

ਸੰਤੀ : ਤੈਨੂੰ ਧੱਕਾ ਦਿਤਾ ਸੀ ਤਾਂ ਜੁ ਸਾਡੀ ਦੋਹਾਂ ਦੀ ਇੱਜ਼ਤ ਰਹਿ ਜਾਵੇ। ਤੇਰੀ ਵੀ, ਤੇ ਮੇਰੀ ਵੀ। ਵਿਆਹ ਪਿਛੋਂ ਤੇਰੇ ਬਾਰੇ ਸੋਚਣਾ ਵੀ ਪਾਪ ਸੀ। ਇਸ ਪਾਪ ਨੇ ਮੈਨੂੰ ਰੱਜ ਕੇ ਤਪਾਇਆ। ਬਾਰ ਬਾਰ ਇਹ ਪਾਪ ਮੇਰੇ ਲਹੂ ਨੂੰ ਡੰਗਦਾ। ਇਕ ਸਵਾਲ ਬਣ ਕੇ ਮੇਰੇ ਅੱਗੇ ਖੜ੍ਹਾ ਹੋ ਜਾਂਦਾ। ਮੈਨੂੰ ਇਸ ਦਾ ਜੁਆਬ ਨਾ ਲੱਭਦਾ।

ਗੱਜਣ : ਮੈਂ ਵੀ ਅੱਜ ਉਹੀ ਜੁਆਬ ਲੈਣ ਆਇਆਂ ਤੇਰੇ ਕੋਲੋਂ ਤਾਂ ਜੁ ਦੁਬਾਰਾ ਕਦੇ ਇਸ ਪਿੰਡ ਵੱਲ ਨਾ ਝਾਕਾਂ। ਨਾ ਕਦੇ ਇਸ ਘਰ ਵਿਚੋਂ ਉਠਦਾ ਧੂੰਆਂ ਦੇਖਾਂ। ਨਾ ਢਾਬ ਤੇ ਕੀਤੇ ਕੌਲ ਕਰਾਰ ਯਾਦ ਆਉਣ।

ਸੰਤੀ : ਢਾਬ ਦੀ ਗੱਲ ਨਾ ਕਰ। ਉਥੇ ਸੰਤੀ ਦੱਬੀ ਪਈ ਐ।

ਗੱਜਣ : ਇਸੇ ਲਈ ਮੈਂ ਢਾਬ ਤੇ ਜਾਨਾਂ ਬਾਰ ਬਾਰ। ਉਥੇ ਮੈਨੂੰ ਧੁੱਪ ਦੇ ਘੇਰੇ ਚਮਕਦੇ ਦਿਸਦੇ ਨੇ ਮੈਂ ਕਈ ਰਾਤਾਂ ਆਪਣੇ ਖੇਤ ਦੀ ਵੱਟ ਉਤੇ ਖਲੋ ਕੇ ਜਾਗਦਾ ਰਿਹਾ। ਭਾਂ ਭਾਂ ਕਰਦੀ ਰਾਤ ਦੇ ਹਨੇਰੇ ਵਿਚ ਮੈਨੂੰ ਤੇਰੀ ਆਵਾਜ਼ ਸੁਣਦੀ। ਯਾਦ ਐ ਤੈਨੂੰ ? ਆਪਾਂ ਦੋਹਾਂ ਨੇ ਪਿੱਪਲ ਉਤੇ ਚਾਕੂ ਨਾਲ ਗੋਲ ਦਾਇਰੇ ਖੁਰਚੇ ਸਨ।

ਸੰਤੀ : ਗੋਲ ਦਾਇਰੇ ਹੁਣ ਵੀ ਨੇ ਉਥੇ ?

ਗੱਜਣ : ਹਾਂ। ਸਗੋਂ ਵੱਡੇ ਹੋ ਗਏ ਨੇ। ਚੰਨ ਦੀ ਚਾਨਣੀ ਵਿਚ ਚਮਕਦੇ ਨੇ।

ਸੰਤੀ : ਮੈਨੂੰ ਸਭ ਕੁਝ ਭੁੱਲ ਗਿਆ ਏ ...

ਗੱਜਣ : ਪਰ ਮੈਨੂੰ ਕੁਝ ਵੀ ਨਹੀਂ ਭੁੱਲਿਆ। ਇਉਂ ਲਗਦੈ ਜਿਵੇਂ ਕੱਲ੍ਹ ਦੀਆਂ ਗੱਲਾਂ ਹੋਣ।

ਸੰਤੀ : ਹੁਣ ਸਭ ਕੁਝ ਬਦਲ ਗਿਆ ਏ।

ਗੱਜਣ : ਕੁਝ ਵੀ ਤੇ ਨਹੀਂ ਬਦਲਿਆ। ਪਿੰਡ ਦੇ ਘਰ, ਗਲੀਆਂ, ਢਾਬ, ਪਿੱਪਲ। ਹਰ

Scanned by CamScanner

ਚੀਜ਼ ਉਸੇ ਤਰ੍ਹਾਂ। ਤੇ ਉਹ ਗੋਲ ਦਾਇਰੇ ਵੀ। ਤੈਨੂੰ ਭੁਲਾਉਣ ਦੇ ਮੈਂ ਜਤਨ ਕੀਤੇ, ਪਰ ਤੇਰੀ ਮੂਰਤ ਬਾਰ ਬਾਰ ਉਘੜਦੀ। ਕਦੀ ਤੇਰਾ ਗੁੱਸੇ ਵਾਲਾ ਚਿਹਰਾ, ਕਦੇ ਦੁੱਧ ਨਾਲ ਧੋਤਾ ਹਾਸਾ। ਮੈਨੂੰ ਦੱਸ, ਕਿਹੜੀ ਘੜੀ ਸੱਚੀ ਐ।

ਸੰਤੀ : ਦੋਵੇਂ ਘੜੀਆਂ ਸੱਚੀਆਂ ਨੇ। ਢਾਬ ਦੇ ਕੌਲ-ਕਰਾਰ ਵੀ ਸੱਚੇ ਤੇ ਤੇਰੇ ਨਾਲ ਨਫ਼ਰਤ ਵੀ ਸੱਚੀ। ਕਈ ਵਾਰ ਮੈਂ ਸੋਚਦੀ ਆਂ—

ਗੱਜਣ : ਕੀ ?

ਸੰਤੀ : ਜਦ ਕਦੇ ਰਾਤ ਨੂੰ ਕਣੀਆਂ ਉਤਰ ਆਉਂਦੀਆਂ ਨੇ ਤੇ ਭੱਠੀ ਗਿੱਲੀ ਹੋ ਜਾਂਦੀ ਐ ਤੇ ਵਾੜੇ ਵਿਚ ਗਾਂ ਰੰਭਣ ਲਗਦੀ ਐ ਤਾਂ ਮੈਂ ਕੰਬ ਉਠਦੀ ਆਂ।

ਗਜਣ : ਇਕ ਵਾਰ ਤੈਨੂੰ ਆਖਿਆ ਸੀ ਕਿ ਮੇਰੇ ਖੇਤ ਆਵੇਂਗੀ। ਜੇ ਤੂੰ ਆਵੇਂ ਤਾਂ ਮੇਰੇ ਸੁਫ਼ਨੇ ਸੱਚੇ ਹੋ ਜਾਣ, ਮੇਰੇ ਖੇਤਾਂ ਦੇ ਭਾਗ ਜਾਗ ਉਠਣ।

ਸੰਤੀ : ਨਹੀਂ, ਹੁਣ ਇਹ ਨਹੀਂ ਹੋ ਸਕਦਾ। ਕਦੇ ਵੀ ਨਹੀਂ।

ਗੱਜਣ : ਤੂੰ ਬੁਜ਼ਦਿਲ ਏਂ! ਡਰਪੋਕ! ਇਸੇ ਤਰ੍ਹਾਂ ਖੱਲਾਂ ਫੂਕਦੀ ਰਹੇਂਗੀ ਸਾਰੀ ਉਮਰ। ਆਪਣੀ ਜਵਾਨੀ ਵੀ ਧੋਖ ਲਈ, ਰਹਿੰਦੀ ਵੀ ਧੋਖ ਲਵੇਂਗੀ।

ਸੰਤੀ : (ਗੁਸੇ ਵਿਚ ਤੜਪ ਕੇ) ਚਲਿਆ ਜਾਹ ਇਥੋਂ। ਖ਼ਬਰਦਾਰ ਜੇ ਦੁਬਾਰਾ ਏਧਰ ਮੂੰਹ ਕੀਤਾ। ਨਫ਼ਰਤ ਐ ਮੈਨੂੰ ਤੇਰੇ ਕੋਲੋਂ। ਨਿਕਲ ਜਾਹ!

(ਗੱਜਣ ਜਾਂਦਾ ਹੈ।
ਸੰਤੀ ਭੱਠੀ ਦੀ ਅੱਗ ਭਖਾਉਂਦੀ ਹੈ।
ਕੁਝ ਦੇਰ ਸੋਚਦੀ ਹੈ।
ਦੀਪਾ ਦੌੜਿਆ ਹੋਇਆ ਆਉਂਦਾ ਹੈ।)

ਦੀਪਾ : ਮਾਂ, ਮਾਂ, ਬੁਝ ਮੇਰੀ ਮੁੱਠੀ 'ਚ ਕੀ ਐ ? ਟੌਂਕ ਕਿ ਜਿਸਤ ?

ਸੰਤੀ : ਜੇ ਬੁਝ ਦਿਤਾ ਤੇ ਫਿਰ ਕੰਮ ਕਰੇਂਗਾ ?

ਦੀਪਾ : ਹਾਂ।

ਸੰਤੀ : ਭੱਠੀ ਤੇ ਬੈਠੇਂਗਾ ?

ਦੀਪਾ : ਹਾਂ।

ਸੰਤੀ : ਧਾਰ ਕਢੇਂਗਾ ?

ਦੀਪਾ : ਹਾਂ।

ਸੰਤੀ : ਖੂਹ ਤੋਂ ਪਾਣੀ ਭਰ ਕੇ ਲਿਆਵੇਂਗਾ ?

ਦੀਪਾ : ਹਾਂ।

ਸੰਤੀ : ਅੱਛਾ, ਮੈਨੂੰ ਟੋਹਣ ਦੇਹ ਆਪਣੀ ਮੁੱਠੀ।

ਦੀਪਾ : ਲੈ।

ਸੰਤੀ : (ਟੋਹ ਕੇ) ਜਿਸਤ।

ਦੀਪਾ : ਨਹੀਂ ਬੁਝਿਆ ਗਿਆ, ਨਹੀਂ ਬੁਝਿਆ ਗਿਆ। ਦੇਖ, ਟੌਂਕ ਐ। ਹੁਣ ਮੈਂ ਜਾਵਾਂ ?

(ਉਹ ਦੌੜ ਜਾਂਦਾ ਹੈ।
ਸੰਤੀ ਭੱਠੀ ਦੀ ਅੱਗ ਭਖਾਉਂਦੀ ਹੈ।
ਕਾਕੂ ਆਉਂਦਾ ਹੈ।)

ਕਾਕੂ : ਆਹ ਜੁਆਰ ਦੀ ਬੋਰੀ ਲਿਆਂਦੀ ਐ। ਨੰਬਰਦਾਰ ਨੇ ਦਿਤੀ ਐ। ਮੋਟੀ ਜੁਆਰ ਐ, ਚੂਚਿਆਂ ਦੇ ਕੰਮ ਆਊ।

Scanned by CamScanner

ਸੰਤੀ : ਉਹਨਾਂ ਦਾ ਵੀ ਚੋਗਾ ਮੁਕਿਆ ਹੋਇਆ ਸੀ।
ਕਾਕੂ : ਭੱਠੀ ਤਾਂ ਦਗੀ ਜਾਂਦੀ ਐ।
ਸੰਤੀ : ਕੋਲਿਆਂ ਨੂੰ ਰਤਾ ਛੇੜਿਆ ਤਾਂ ਇਹ ਭਖ਼ ਉੱਠੇ।
ਕਾਕੂ : ਚੰਗਾ ਕੀਤਾ। ਮੈਂ ਲੋਹਾ ਤੇ ਕੋਲੇ ਮੰਡੀ ਤੋਂ ਹੋਰ ਲੈ ਆਇਆ ਹਾਂ। ਦੀਪਾ ਕਿਥੇ ਐ ?
ਸੰਤੀ : ਖੇਡਣ ਗਿਐ।
ਕਾਕੂ : ਉਸ ਨੂੰ ਆਖਣਾ ਸੀ ਇਥੇ ਬੈਠੇ। ਸਾਰੇ ਫਾਲੇ ਅੱਜ ਰਾਤ ਨੂੰ ਡੰਗ ਕੇ ਸੌਣਾ ਏ। ਬੱਦਲ ਘਿਰੇ ਹੋਏ ਨੇ। (ਭੱਠੀ ਕੋਲ ਪਈ ਕਹੀ ਚੁਕਦਾ ਹੈ।) ਇਹ ਕਹੀ ਕੌਣ ਰਖ ਗਿਐ ?
ਸੰਤੀ : ਗੱਜਣ।
ਕਾਕੂ : ਕਦੋਂ ਆਇਆ ਸੀ ?
ਸੰਤੀ : ਹੁਣੇ ਤੇਰੇ ਆਉਣ ਤੋਂ ਪਹਿਲ਼ਾਂ। ਆਖਦਾ ਸੀ ਇਸ ਦਾ ਪੱਤ ਖੁੰਢਾ ਹੋ ਗਿਆ, ਰਤਾ ਚੰਡਣਾ ਏਂ।
ਕਾਕੂ : ਉਸ ਨੇ ਫਿਰ ਹਲ ਤੇ ਕਹੀ ਚੰਡਾਉਣ ਦਾ ਬਹਾਨਾ ਕਰਕੇ ਇਥੇ ਆਉਣਾ ਸ਼ੁਰੂ ਕਰ ਦਿਤੈ। ਪਰ ਆਵੇ ਵੀ ਕਿਵੇਂ ਨਾ ਜਦੋਂ ਤੂੰ ਉਸ ਨੂੰ ਸ਼ਹਿ ਦੇਵੇਂ।
ਸੰਤੀ : ਉਹਨੂੰ ਕੀ ਪਤਾ ਕਿ ਤੂੰ ਘਰ ਹੈਂ ਕਿ ਨਹੀਂ।
ਕਾਕੂ : ਤੈਨੂੰ ਮਿਲਣ ਆਇਆ ਸੀ। ਤੇਰੇ ਨਾਲ ਗੱਲਾਂ ਕਰਨ।
ਸੰਤੀ : ਮੇਰੇ ਨਾਲ ਉਸ ਨੇ ਕੀ ਗੱਲ ਕਰਨੀ ਸੀ ? ਮੈਂ ਤਾਂ ਭੱਠੀ ਧੁਖਾ ਰਹੀ ਸਾਂ। ਉਸ ਨੇ ਤੇਰੇ ਬਾਰੇ ਪੁੱਛਿਆ ਤੇ ਕਹੀ ਰਖ ਕੇ ਮੁੜ ਗਿਆ।
ਕਾਕੂ : ਮੈਨੂੰ ਅੱਗ ਲਗ ਜਾਂਦੀ ਐ ਉਸ ਦਾ ਨਾਂ ਸੁਣ ਕੇ!
ਸੰਤੀ : ਐਵੇਂ ਨਾ ਨ੍ਹੇਰੀ ਵਾਂਗ ਚੜ੍ਹਿਆ ਰਿਹਾ ਕਰ ਹਰ ਵੇਲੇ।
ਕਾਕੂ : ਤੇਰੇ ਇਹਨਾਂ ਕਾਰਿਆਂ ਨੇ ਈ ਤਾਂ ਬੈਣੋ ਨੂੰ ਪੁੱਟਿਆ ਸੀ।
ਸੰਤੀ : ਬੈਣੋ ਦੀ ਗੱਲ ਨਾ ਛੇੜੀਂ ਮੁੜ ਕੇ!
ਕਾਕੂ : ਕਿਉਂ ਨਾ ਛੇੜਾਂ ? ਬੈਣੋ ਤੇਰੀ ਧੀ ਸੀ।
ਸੰਤੀ : ਤੇਰੀ ਵੀ ਤਾਂ ਸੀ।
ਕਾਕੂ : ਉਹ ਤੇਰੀ ਜਣੀ ਸੀ। ਉਸ ਵਿਚ ਜਨਮ ਤੋਂ ਹੀ ਖੋਟ ਸੀ। ਜੇ ਮੇਰੀ ਹੁੰਦੀ ਤਾਂ ਨਸਦੀ ਨਾ। ਇਸ ਪਿੰਡ ਵਿਚ ਕਦੇ ਅਜਿਹੀ ਗੱਲ ਨਹੀਂ ਸੀ ਹੋਈ। ਤੀਵੀਆਂ ਚੁੱਲ੍ਹੇ ਉਤੇ ਰਹੀਆਂ, ਤੇ ਮਰਦ ਸਦਾ ਅਹਿਰਨ ਉਤੇ। ਜੇ ਪਤਾ ਹੁੰਦਾ ਉਹ ਅਜਿਹੀ ਬਦਜ਼ਾਤ ਨਿਕਲੂ ਤਾਂ ਜੰਮਦੀ ਦਾ ਹੀ ਗਲ ਘੁਟ ਸੁਟਦਾ।
ਸੰਤੀ : ਤਾਂਹੀਓਂ ਤੂੰ ਉਸ ਨੂੰ ਵੱਢ ਸੁੱਟਿਆ।
ਕਾਕੂ : ਮੇਰੇ ਕਰ ਕੇ ?
ਸੰਤੀ : ਹੋਰ ਕੀਹਦੇ ਕਰ ਕੇ ?
ਕਾਕੂ : ਉਸ ਰਾਤ ਮੈਂ ਉਸ ਦਾ ਪਿੱਛਾ ਕੀਤਾ ਤੇ ਟਿੱਬਿਆਂ ਕੋਲ ਜਾ ਘੇਰਿਆ। ਉਹ ਅੜ ਕੇ ਖਲੋ ਗਈ ਤੇ ਉਸ ਨੇ ਦਾਤਰੀ ਕਢ ਕੇ ਮੈਨੂੰ ਵੰਗਾਰਿਆ, ਉਹੀ ਦਾਤਰੀ ਜੋ ਮੈਂ ਉਸ ਨੂੰ ਸਾਣ ਉਤੇ ਤੇਜ਼ ਕਰਨੀ ਸਿਖਾਈ ਸੀ। ਗੁੱਸੇ ਨਾਲ ਉਸ ਦੇ ਤੌਰ ਬਦਲ ਗਏ ਤੇ ਉਸ ਦਾ ਮੁਹਾਂਦਰਾ ਤੇਰੇ ਵਰਗਾ ਹੋ ਗਿਆ। ਇਉਂ ਲਗਿਆ ਜਿਵੇਂ ਹਨੇਰੇ ਵਿਚ ਦਾਤਰੀ ਕਢੀਂ ਤੂੰ ਖੜ੍ਹੀ ਹੋਵੇਂ। ਉਸ ਦੀਆਂ ਅੱਖਾਂ ਵਿਚ ਬਦਲੇ ਦੀ ਅੱਗ ਸੀ—ਧੀ ਦਾ ਆਪਣੇ ਪਿਓ ਤੋਂ ਬਦਲਾ ... ਆਪਣੇ ਖ਼ੂਨ ਦਾ ਵੈਰ ...

Scanned by CamScanner

ਸੰਤੀ : ਸਾਲ ਲੰਘ ਗਿਆ ਉਸ ਨੂੰ ਇਸੇ ਵਿਹੜੇ ਵਿਚ ਸੁਤੀ ਪਈ ਨੂੰ। ਕਿਸੇ ਨੂੰ ਚਿਤ ਚੇਤਾ ਨਹੀਂ ਇਸ ਗਲ ਦਾ।

ਕਾਕੂ : ਪਰ ਉਹ ਅਜੇ ਵੀ ਮੇਰੇ ਲਹੂ ਵਿਚ ਕੰਡੇ ਵਾਂਗ ਰੜਕਦੀ ਐ।

ਸੰਤੀ : ਮੇਰੇ ਲਹੂ ਵਿਚ ਉਹ ਘੁਲ ਗਈ ਹੈ।

ਕਾਕੂ : ਜ਼ਹਿਰ ਵਾਂਗ ?

ਸੰਤੀ : ਨਹੀਂ, ਆਪਣੇ ਲਹੂ ਵਾਂਗ।

ਕਾਕੂ : ਏਸੇ ਲਈ ਤੇਰਾ ਲਹੂ ਫਿੱਟਿਆ ਹੋਇਐ। ਤਦੇ ਤੇਰੀਆਂ ਅੱਖਾਂ ਵਿਚ ਵੰਗਾਰ ਐ। ਤੇਰੀ ਮੱਤ ਨੂੰ ਕਿਸੇ ਨੇ ਪੁੱਠਾ ਗੇੜਾ ਦੇ ਦਿਤਾ ਐ।

ਸੰਤੀ : ਤੈਨੂੰ ਹਰ ਚੀਜ਼ ਪੁੱਠੀ ਦਿਸਦੀ ਐ—ਮੈਂ ਇਸਦਾ ਕੀ ਕਰਾਂ। ਹਰ ਵੇਲੇ ਖਿਝਦਾ ਰਹਿਨੈ। ਤੇਰੇ ਮਨ ਉੱਤੇ ਗੁੱਸੇ ਦੀ ਕਾਲਖ਼ ਫਿਰੀ ਹੋਈ ਐ, ਏਸੇ ਲਈ ਤੈਨੂੰ ਕੁਝ ਨਹੀਂ ਦਿਸਦਾ।

ਕਾਕੂ : ਮੈਨੂੰ ਸਭ ਕੁਝ ਦਿਸਦੈ।

ਸੰਤੀ : ਮੱਚੇ ਹੋਏ ਲੋਹੇ ਦਾ ਬੂਰ ਉਡ ਉਡ ਕੇ ਤੇਰੇ ਸਰੀਰ ਵਿਚ ਰਚ ਗਿਐ। ਦਿਨ ਰਾਤ ਲੋਹਾ ਕੁਟਦੇ ਕੁਟਦੇ ਤੂੰ ਆਪ ਲੋਹਾ ਹੋ ਗਿਐਂ—ਠੰਢਾ, ਬੇਕਿਰਕ, ਬੇਹਿੱਸ ...ਉੱਨੀ ਵਰ੍ਹੇ ਹਥੌੜੇ ਦੀਆਂ ਅੰਨ੍ਹੀਆਂ ਸੱਟਾਂ ਨੇ ਮੇਰੀ ਰੂਹ ਨੂੰ ਭੰਨ ਦਿਤਾ ਏ ... ਪੂਰੇ ਉੱਨੀ ਵਰ੍ਹੇ।

ਕਾਕੂ : ਕਿਉਂ ਬੁਝੇ ਹੋਏ ਸਿਵੇ ਫਰੋਲਦੀ ਐਂ।

ਸੰਤੀ : ਕਿਉਂ ਨਾ ਫਰੋਲਾਂ, ਇਹ ਸਿਵੇ ਕਦੇ ਵੀ ਨਹੀਂ ਸਨ ਬੁਝੇ। ਇਹਨਾਂ ਹੇਠ ਸਦਾ ਅੰਗਾਰ ਮਘਦੇ ਰਹੇ। ਜਦ ਬੈਣੋ ਇਸ ਘਰ ਵਿਚ ਸੀ ਤਾਂ ਮੇਰੇ ਅੰਦਰ ਦੋ ਤੀਵੀਆਂ ਵਸਦੀਆਂ ਸਨ। ਦੋਵੇਂ ਇਕ ਦੂਜੀ ਦੀਆਂ ਦੁਸ਼ਮਣ। ਮੇਰਾ ਆਪਣਾ ਲਹੂ ਮੈਨੂੰ ਡੰਗਦਾ ਸੀ। ਬੈਣੋ ਮੇਰੀ ਸ਼ਰੀਕਣ ਸੀ। ਉਹ ਠੀਕ ਸੀ ਤੇ ਮੈਂ ਗ਼ਲਤ। ਉਹ ਮੇਰੀ ਪੂਰਤੀ ਸੀ। ਮੇਰੇ ਸੁੱਤੇ ਭਾਗਾਂ ਨੂੰ ਜਗਾਉਣ ਦੀ ਜ਼ਿੰਮੇਦਾਰ। ਮੈਂ ਆਪਣੀ ਧੀ ਰਾਹੀਂ ਆਪਣੀ ਹੋਣੀ ਹੰਢਾ ਲਈ। ਬੈਣੋ ਮੇਰਾ ਹੀ ਰੂਪ ਸੀ!

ਕਾਕੂ : ਬਦਲੇ-ਖ਼ੋਰਾ ਖ਼ੂਨ! ਚੰਦਰੀ ਔਲਾਦ!

ਸੰਤੀ : ਤੂੰ ਉਸ ਨੂੰ ਡਰਾ ਕੇ ਰਖਿਆ, ਨੂੜ ਕੇ, ਧਮਕਾ ਕੇ। ਉਹ ਇਹ ਜ਼ੁਲਮ ਨਾ ਝੱਲ ਸਕੀ। ਉਹ ਬਾਗ਼ੀ ਹੋ ਗਈ। ਉਸ ਨੇ ਤੈਨੂੰ ਵੰਗਾਰਿਆ ਤੇ ਤੇਰੀ ਹੈਂਕੜ ਭੰਨੀ।

ਕਾਕੂ : ਤੇਰੀ ਇਹ ਮਜਾਲ ਕਿ ਮੈਨੂੰ ਇਹ ਗੱਲ ਆਖੇਂ ? ਬੇਹਯਾ ਔਰਤ!
(ਮਾਰਨ ਲਗਦਾ ਹੈ।)

ਸੰਤੀ : ਖ਼ਬਰਦਾਰ ਜੇ ਮੇਰੇ ਉੱਤੇ ਹੱਥ ਚੁਕਿਆ! ਤੂੰ ਉਸ ਦੇ ਇਸ ਗੁਨਾਹ ਨੂੰ ਕਦੇ ਮੁਆਫ਼ ਨਾ ਕਰ ਸਕਿਆ। ਹੁਣ ਤੂੰ ਮੈਥੋਂ ਉਸ ਦਾ ਬਦਲਾ ਲੈ ਰਿਹੈਂ ... ਹੂੰਹ! ਸੱਚ ਤਾਂ ਇਹ ਹੈ ਕਿ ਮੈਂ ਤੈਨੂੰ ਕਦੇ ਵੀ ਪਿਆਰ ਨਹੀਂ ਕੀਤਾ। ਸੁਹਾਗ ਦੀ ਰਾਤ ਨੂੰ ਸ਼ਰਾਬ ਪੀ ਕੇ ਆਇਆ ਤਾਂ ਦੀਵੇ ਨੂੰ ਫੂਕ ਮਾਰ ਕੇ ਤੂੰ ਮੈਨੂੰ ਫੜ ਲਿਆ। ਮੇਰੇ ਸਰੀਰ ਨੂੰ ਜਗਾਏ ਬਗ਼ੈਰ। ਤੈਨੂੰ ਆਪਣੇ ਡੌਲਿਆਂ ਤੇ ਘੁਮੰਡ ਸੀ, ਆਪਣੇ ਹੱਥਾਂ ਦੀ ਸ਼ਕਤੀ 'ਤੇ ਜਿਨ੍ਹਾਂ ਨੂੰ ਸਿਰਫ਼ ਲੋਹਾ ਕੁੱਟਣ ਦੀ ਆਦਤ ਸੀ। ਤੂੰ ਮੈਨੂੰ ਵੀ ਲੋਹਾ ਹੀ ਸਮਝਿਆ। ਲੋਹਾ—ਜਿਸ ਵਿਚ ਨਾ ਕੋਈ ਰੀਝ, ਨਾ ਸੱਧਰ, ਨਾ ਤੜਪ। ਤੇਰਾ ਪਿਆਰ ? ਅੰਨ੍ਹਾਂ ਤੇ ਜ਼ਾਲਿਮ। ਸਰੀਰ ਦੀ

Scanned by CamScanner

ਇਕਪਾਸੜ ਤੜਪ। ਤੈਨੂੰ ਪਤਾ ਹੀ ਨਹੀਂ ਸੀ ਕਿ ਮੇਰੇ ਸਰੀਰ ਅੰਦਰ ਕੀ ਹੋ ਰਿਹੈ। ਮੈਂ ਕੀ ਸੋਚ ਰਹੀ ਹਾਂ। ਮੇਰੇ ਸਰੀਰ ਦੀ ਆਵਾਜ਼ ਕੀ ਐ। ਤੂੰ ਇਸ ਆਵਾਜ਼ ਨੂੰ ਸੁਣੇ ਬਗੈਰ, ਇਸ ਦੇ ਜੁਆਬ ਨੂੰ ਉਡੀਕੇ ਬਗੈਰ ਮੇਰੇ ਸਰੀਰ ਉਤੇ ਟੁੱਟ ਪਿਆ। ਦੂਜੇ ਦਿਨ ਜਦੋਂ ਮੈਂ ਉੱਠੀ ਮੇਰੇ ਸਰੀਰ ਉੱਤੇ ਝਰੀਟਾਂ ਸਨ, ਤੇ ਤੇਰੀਆਂ ਦੰਦੀਆਂ ਦੇ ਨਿਸ਼ਾਨ ... ਆਥਣੇ ਤੂੰ ਆਪਣੇ ਦੋਸਤਾਂ ਨਾਲ ਬੈਠਾ ਆਪਣੀ ਫ਼ਤਹਿ ਦੀਆਂ ਸ਼ੇਖੀਆਂ ਮਾਰ ਰਿਹਾ ਸੈਂ। ਆਪਣੇ ਆਨੰਦ ਤੇ ਭੋਗ ਨੂੰ ਬਿਆਨ ਕਰ ਰਿਹਾ ਸੈਂ। ਤੇਰੇ ਦੋਸਤ ਹੱਸ ਰਹੇ ਸਨ। ਮੈਂ ਉਹਨਾਂ ਦਾ ਹਾਸਾ ਕੋਠੇ ਅੰਦਰ ਸੁਣਿਆ ਜਿਥੇ ਮੈਂ ਸ਼ਰਮ ਨਾਲ ਭਿੱਜੀ ਬੈਠੀ ਸਾਂ। ਪਰ ਮੈਨੂੰ ਪਤਾ ਸੀ ਕਿ ਤੂੰ ਕੁਝ ਵੀ ਫ਼ਤਹਿ ਨਹੀਂ ਸੀ ਕੀਤਾ। ਜ਼ਖ਼ਮੀ ਸ਼ੇਰ ਵਾਂਗ ਤੂੰ ਆਪਣਾ ਹੀ ਲਹੂ ਚੱਟ ਰਿਹਾ ਸੈਂ ... ਸੁਹਾਗ ਦੀ ਰਾਤ ਮੈਨੂੰ ਤੈਥੋਂ ਇਕ ਅਜੀਬ ਘਿਰਣਾ ਜਿਹੀ ਹੋਈ। ਉਹ ਗੰਧ ਜੋ ਤੂੰ ਪਿਛੇ ਛੱਡੀ, ਉਸ ਵਿਚ ਲੋਹੇ ਦੀ ਰਾਖ ਸੀ, ਧੂਏਂ ਦੀ ਬੂ, ਤੇ ਤੇਰਾ ਪਸ਼ੂਪਨ। ਉਹ ਕਸਤੂਰੀ ਕਿਥੇ ਸੀ ? ਉਹ ਮਹਿੰਦੀ ਦੇ ਰੰਗ ? ਉਹ ਚੂੜੀਆਂ ਦੀ ਛਣਕਾਰ ? ਦੋ ਸਾਹਾਂ ਦਾ ਤਾਲ-ਮੇਲ, ਦੋ ਸਰੀਰਾਂ ਦੀ ਗੁੱਝੀ ਬੋਲੀ ? ਮੈਂ ਸੁੰਗੜੀ ਬੈਠੀ ਸਾਂ ਆਪਣੇ ਮਨ ਅੰਦਰ, ਤੇ ਤੂੰ ਇਕੱਲਾ ਹੀ ਸੀ ਆਪਣੇ ਆਨੰਦ ਵਿਚ। ਖ਼ੁਦਗਰਜ਼ ਤੇ ਵਹਿਸ਼ੀ ਆਨੰਦ। ਮੈਂ ਸੋਚਣ ਲਗੀ ਕੀ ਇਹੋ ਹੈ ਮੇਰੀ ਜ਼ਿੰਦਗੀ ? ਹੌਲੀ ਹੌਲੀ ਇਹੋ ਮੇਰੀ ਜ਼ਿੰਦਗੀ ਬਣ ਗਈ ... ਮੈਂ ਗਰਭਵਤੀ ਹੋ ਗਈ ... ਫਿਰ ਮੈਨੂੰ ਜੰਮੀ। ਮੈਂ ਉਸ ਦੀ ਦੇਖਭਾਲ 'ਚ ਲਗ ਗਈ। ਨਿੱਤ ਭੱਠੀ ਭਖਾਉਣ, ਰੋਟੀ ਪਕਾਉਣ ਤੇ ਘਰ ਦੇ ਕੰਮ ਕਾਜ ਨੂੰ ਸਾਂਭਣ 'ਚ ਜੁਟ ਗਈ। ਫਿਰ ਦੀਪਾ ਜੰਮਿਆ ... ਪੁੱਤ ... ਖੁਸ਼ੀਆਂ ਮਨਾਈਆਂ ਗਈਆਂ। ਤੇਰੀ ਮਰਦਾਨਗੀ ਨੂੰ ਮੁਬਾਰਕਾਂ ਮਿਲੀਆਂ। ਤੂੰ ਫਿਰ ਦੋਸਤਾਂ ਨਾਲ ਬੈਠ ਕੇ ਸ਼ਰਾਬ ਪੀਤੀ। ਮੈਂ ਸਮਝ ਲਿਆ ਇਹੋ ਮੇਰੀ ਹੋਣੀ ਐ। ਇਹੋ ਮੇਰਾ ਫ਼ਰਜ਼, ਇਹੋ ਮੇਰਾ ਧਰਮ। ਮੈਂ ਭਵਿੱਖ ਦੇ ਸੁਪਨੇ ਦੇਖਦੀ ਹੋਈ, ਕੰਮ ਵਿਚ ਜੁਟੀ ਰਹੀ। ਪਰ ਇਹ ਭਵਿੱਖ ਕਦੇ ਨਾ ਆਇਆ। ਇਹ ਭਵਿੱਖ ਮਰਘਟ ਹੈ ? ਸ਼ਮਸ਼ਾਨ, ਜਿਥੇ ਭਾਈਚਾਰਾ ਚੰਡਾਲ ਵਾਂਗ ਖੜ੍ਹਾ ਐ ਤੀਵੀਂ ਦੀਆਂ ਰੀਝਾਂ ਨੂੰ ਫੂਕਣ ਲਈ।,

ਕਾਕੂ : ਤਾਂ ਇਹ ਐ ਤੇਰੀ ਪੁੱਠੀ ਸੋਚ ? ਇਸੇ ਪੁੱਠੀ ਸੋਚ ਨੇ ਬੈਣੋ ਦਾ ਰੂਪ ਧਾਰਿਆ ਤੇ ਉਹਨੇ ਘਰ ਦੀ ਇੱਜ਼ਤ ਪੱਟ ਦਿਤੀ।

ਸੰਤੀ : ਉਹ ਮੇਰੇ ਸੁਫ਼ਨਿਆਂ ਵਿਚ ਆਉਂਦੀ ਐ ਤੇ ਆਖਦੀ ਐ, 'ਉਠ! ਆਪਣੇ ਖ਼ੂਨ ਦੀ ਆਵਾਜ਼ ਸੁਣ! ਉਸ ਸੱਚ ਦੀ ਜੋ ਹਥੌੜੇ ਹੇਠ ਖੇਰੂੰ ਖੇਰੂੰ ਹੋ ਗਿਆ।' ਜਦੋ ਮੈਂ ਉਠਦੀ ਆਂ ਤਾਂ ਵੇਹੜਾ ਸੁੰਨਾ ਲਗਦਾ ਏ, ਅਸਮਾਨ ਨੀਵਾਂ, ਹਰ ਚੀਜ਼ ਸੁੰਗੜੀ ਹੋਈ ... ਛੋਟੀ ... ਤੁੱਛ ... ਤੇ ਮੈਂ ਆਕਾਸ਼ ਜਿੱਡੀ। ਪਰ ਜਦ ਅੱਖ ਖੁਲ੍ਹਦੀ ਐ ਤਾਂ ਉਹੀ ਧੌਂਕਣੀ, ਉਹੀ ਭੱਠੀ ਤੇ ਉਹੀ ਹਥੌੜਾ। ਮੈਂ ਨਫ਼ਰਤ ਕਰਦੀ ਆਂ ਇਥੋਂ ਦੀ ਹਰ ਚੀਜ਼ ਨੂੰ!

ਕਾਕੂ : (ਗੁੱਸੇ ਵਿਚ ਹਥੌੜਾ ਚੁਕ ਕੇ) ਤੇਰਾ ਸਿਰ ਪਾੜ ਦਿਆਂਗਾ! ਕਮਜ਼ਾਤ ਔਰਤ!

(ਉਹ ਗੁੱਸੇ ਵਿਚ ਹਥੌੜਾ ਚੁੱਕੀ ਉਸੇ ਥਾਂ ਕੰਬਦਾ ਹੋਇਆ ਖੜਾ ਰਹਿ ਜਾਂਦਾ ਹੈ।)

(ਹੌਲੀ ਹੌਲੀ ਹਨੇਰਾ)

Scanned by CamScanner

## ਸੀਨ ਤੀਜਾ

(ਸ਼ਾਮ ਦਾ ਵੇਲਾ। ਕਾਕੂ ਭੱਠੀ ਉਤੇ ਬੈਠਾ ਹੈ। ਲੋਹੇ ਨੂੰ ਪਲਟ ਰਿਹਾ ਹੈ। ਦੀਪਾ ਫੂਕਾਂ ਲਾ ਰਿਹਾ ਹੈ। ਤਲੋਕਾ, ਕਰਮਾ ਤੇ ਬਾਰੂ ਬੈਠੇ ਕੌਲਿਆਂ ਵਿਚੋਂ ਚਾਹ ਪੀ ਰਹੇ ਹਨ।

ਕਾਕੂ : (ਦੀਪੇ ਨੂੰ) ਸ਼ਾਬਾਸ਼ੇ ਪੁੱਤ, ਭੱਠੀ ਉਤੇ ਬੈਠ ਕੇ ਇਸੇ ਤਰ੍ਹਾਂ ਕੰਮ ਕਰਿਆ ਕਰ। ਔਹ ਫੜਾ ਸੰਨ੍ਹੀ।

(ਸੰਤੀ ਦੀਵਾ ਬਾਲ ਕੇ ਲਿਆਉਂਦੀ ਹੈ।)

ਕਾਕੂ : ਹਨੇਰਾ ਪੈਣ ਤੋਂ ਪਹਿਲਾਂ ਰੋਟੀ ਦਾ ਕੰਮ ਮੁਕਾ ਲੈ। ਚੁਮਾਸਾ ਲਗਿਆ ਹੋਇਐ।

ਸੰਤੀ : ਹਾਲੇ ਤੀਕ ਧਾਰ ਵੀ ਨਹੀਂ ਕਢੀ। ਵਾੜੇ ਵਿਚ ਗਾਂ ਰੰਭ ਰਹੀ ਐ। ਪਹਿਲਾਂ ਧਾਰ ਕਢ ਲਿਆਵਾਂ।

ਕਾਕੂ : ਛੇਤੀ ਮੁੜੀਂ।

(ਸੰਤੀ ਟਰੰਕ ਵਿਚੋਂ ਉਹੀ ਲਾਲ ਜੁੱਤੀ ਕੱਢ ਕੇ ਪਾਉਂਦੀ ਹੈ ਜੋ ਬੈਣੋ ਛਡ ਕੇ ਗਈ ਸੀ। ਉਹ ਕਿੱਲੀ ਤੋਂ ਹਰੀ ਚੁੰਨੀ ਲਾਹ ਕੇ ਸਿਰ ਉਤੇ ਲੈਂਦੀ ਹੈ।)

ਸੰਤੀ : ਦਾਲ ਚੁੱਲ੍ਹੇ ਤੇ ਧਰੀ ਹੋਈ ਐ। ਦੀਪਿਆ, ਕੜਛੀ ਫੇਰ ਦੇਵੀਂ ਕਿਤੇ ਥੱਲੇ ਨਾ ਲਗ ਜਾਏ। ਧਾਰ ਕਢ ਕੇ ਹੁਣੇ ਆਈ।

(ਉਹ ਦੋਹਣਾ ਚੁਕ ਕੇ ਜਾਂਦੀ ਹੈ।)

ਬਾਰੂ : ਧਰਤੀ ਪਾਣੀ ਪੀ ਪੀ ਆਫਰੀ ਪਈ ਐ। ਅੰਤਾਂ ਦਾ ਅੰਨ ਹੋਊ ਐਤਕੀਂ। ਹੋਰ ਤਾਂ ਹੋਰ ਟਿੱਬਿਆਂ ਉਤੇ ਵੀ ਬਾਜਰਾ ਠਾਠਾਂ ਮਾਰਦੈ।

ਕਾਕੂ : ਬੜਾ ਮੀਂਹ ਪਿਆ। ਸਾਡੀ ਛੱਤ ਚੋ ਪਈ। ਤਿੰਨ ਦਿਨ ਭੱਠੀ ਠੰਢੀ ਰਹੀ। ਦੁਬਾਰਾ ਲਿੱਪੀ ਪੋਚੀ। ਕੰਮ ਇਕੱਠਾ ਹੋ ਗਿਆ। ਦੀਪਿਆ, ਰਤਾ ਹਿੰਮਤ ਨਾਲ ਫੂਕਾਂ ਲਾ।

ਤਲੋਕਾ : ਰਾਤੀਂ ਫੱਤੇ ਦੀ ਘੋੜੀ ਨਹਿਰ ਵਿਚ ਡੁੱਬ ਗਈ। ਮੀਂਹ ਵਰ੍ਹਨ ਨਾਲ ਨਹਿਰ ਦੇ ਕੰਢੇ ਤਿਲਕਣੇ ਸਨ। ਵਿਚਾਰੀ ਕੱਖਾਂ ਸਮੇਤ ਅੰਦਰ ਜਾ ਪਈ।

ਕਰਮਾ : ਉਹ ਰੱਸੇ ਲੈ ਕੇ ਗਏ ਤਾਂ ਹਨ। ਕਢ ਲਈ ਹੋਊ।

ਕਾਕੂ : ਹੂੰਹ! ਕਿਥੇ ? ਨਹਿਰ ਦਾ ਪਾਣੀ ਰੋੜ੍ਹ ਕੇ ਲੈ ਗਿਆ ਹੋਊ।

ਬਾਰੂ : ਕਾਲੀ ਸ਼ਾਹ! ਬੜੀ ਵਧੀਆ ਸੀ ਘੋੜੀ ... ਰਾਤ ਬਹੁਤ ਹਨੇਰਾ ਸੀ। ਮੈਂ ਵੀ ਠੇਡਾ ਖਾ ਕੇ ਡਿਗ ਪਿਆ।

ਦੀਪਾ : ਬਾਪੂ, ਧੌਂਕਣੀ ਦੀ ਖੱਲ ਟੁੱਕੀ ਹੋਈ ਐ ਤੇ ਇਸ ਵਿਚੋਂ ਹਵਾ ਨਿਕਲਦੀ ਐ।

ਕਾਕੂ : ਕਿਥੋਂ ?

ਦੀਪਾ : ਆਹ ਦੇਖ, ਚੂਹੇ ਟੁੱਕ ਗਏ।

ਕਾਕੂ : ਐਤਕੀਂ ਨਵੀਂ ਧੌਂਕਣੀ ਲਵਾਂਗਾ। ਬਾਰੂ, ਤੇਰੇ ਕੋਲ ਕੋਈ ਖੱਲ ਤਿਆਰ ਐ ?

ਬਾਰੂ : ਅੱਜ ਹੀ ਛੇ ਖੱਲਾਂ ਸਾਫ਼ ਕੀਤੀਆਂ ਨੇ। ਲੂਣ ਲਾ ਕੇ ਸੁੱਕਣੀਆਂ ਪਾਈਆਂ ਨੇ।

ਕਾਕੂ : ਇਸ ਧੌਂਕਣੀ ਨੂੰ ਸੌ ਟਾਂਕੇ ਲਗੇ ਹੋਏ ਨੇ, ਪਾਟੀ ਪਈ ਏ। ਨਿੱਤ ਦਾ ਝਗੜਾ।

(ਦੀਪਾ ਆਟਾ ਲੈ ਕੇ ਆਉਂਦਾ ਹੈ।)

ਕਾਕੂ : ਆਟਾ ਲਿਆਂਦਾ ?

Scanned by CamScanner

ਦੀਪਾ : ਹਾਂ।

ਕਾਕੂ : (ਆਟੇ ਦਾ ਪੇੜਾ ਫੜ ਕੇ) ਉਏ ਹੱਥ ਨਾਲ ਚਮੇੜ ਲਿਆਇਐਂ ? ਆਟੇ ਦਾ ਪੇੜਾ ਵੀ ਨਹੀਂ ਫੜਨਾ ਆਉਂਦਾ ? ਲਿਆ—

ਦੀਪਾ : ਬਾਪੂ, ਮੈਂ ਇਹ ਪੱਤ ਚੰਡ ਕੇ ਦਿਖਾਵਾਂ ?

ਕਾਕੂ : ਮੇਰੇ ਵਾਲੀ ਥਾਂ ਆ ਕੇ ਬੈਠ ਤੇ ਇਸ ਨੂੰ ਚੰਡ। ਮੈਂ ਧੌਂਕਣੀ 'ਤੇ ਬੈਠਦਾ ਆਂ।

(ਦੋਵੇਂ ਥਾਵਾਂ ਬਦਲਦੇ ਹਨ।)

ਇਉਂ ਕੰਮ ਸਿਖੀਦਾ ਐ—ਖੱਬੇ ਹੱਥ ਨਾਲ ਸੰਨ੍ਹੀ ਫੜ ਤੇ ਸੱਜੇ ਨਾਲ ਸੱਟ ਲਾ। ਹਾਂ, ਇਉਂ।

ਤਲੋਕਾ : ਹਰ ਚੀਜ਼ ਮਹਿੰਗੀ ਹੋ ਗਈ। ਲੋਹਾ ਵੀ ਸੋਨੇ ਦੇ ਭਾਅ ਹੋ ਗਿਆ। ਪਹਿਲਾਂ ਵਰਗੀਆਂ ਮੇਖਾਂ ਈ ਨਹੀਂ ਮਿਲਦੀਆਂ।

ਕਾਕੂ : ਜੇ ਪੈਸਾ ਪੱਲੇ ਹੋਵੇ ਤਾਂ ਹਰ ਚੀਜ਼ ਸਸਤੀ। ਪਹਿਲਾਂ ਮਜ਼ਦੂਰੀ ਵੀ ਕੀ ਸੀ ?

ਬਾਰੂ : ਮੈਂ ਵੀ ਆਪਣੇ ਪੁੱਤ ਨੂੰ ਪੜ੍ਹਨੇ ਨਹੀਂ ਪਾਉਣਾ। ਪੜ੍ਹਾਈ ਵਿਚ ਕੀ ਪਿਐ ? ਐਵੇਂ ਡਮਾਕ ਖੋਖਲਾ ਹੋ ਜਾਂਦੈ। ਨਾ ਏਧਰ ਦਾ ਰਹਿੰਦਾ ਐ, ਨਾ ਓਧਰ ਦਾ। ਹੁਣੇ ਤੋਂ ਆਪਣੇ ਨਾਲ ਕੰਮ ਕਰਨ ਲਾ ਲਿਆ।

ਕਾਕੂ : ਦੀਪਾ ਵੀ ਦੋ ਚਾਰ ਸਾਲ ਵਿਚ ਕਾਰੀਗਰ ਬਣ ਜਾਊ।

ਦੀਪਾ : ਜਦੋਂ ਮੈਂ ਵਡਾ ਹੋ ਗਿਆ ਤਾਂ ਵਡੇ ਵਡੇ ਕੜੇ ਬਣਾਇਆ ਕਰੂੰ। ਇਕ ਵਾਰ ਮੈਂ ਬਾਜੀ ਪੈਂਦੀ ਦੇਖੀ। ਵਡੇ ਸਾਰੇ ਕੜੇ ਵਿਚ ਛੁਰੀਆਂ ਚਾਕੂ ਜੜੇ ਹੋਏ ਸਨ ਤੇ ਬਾਜੀਗਰ ਦਾ ਪੁੱਤ ਉਸ ਵਿਚੋਂ ਛਾਲ ਮਾਰ ਕੇ ਲੰਘ ਗਿਆ।

ਤਲੋਕਾ : ਬੈਣੋ ਦੀ ਕੋਈ ਖ਼ਬਰ ਮਿਲੀ ?

ਕਾਕੂ : ਨਾ।

ਤਲੋਕਾ : ਤੀਵੀਂ ਦਾ ਕੁਝ ਪਤਾ ਨਹੀਂ ਲਗਦਾ।

ਕਾਕੂ : ਅਸੀਂ ਲੋਹਾ ਢਾਲ ਕੇ ਨਰਮ ਬਣਾ ਲੈਂਦੇ ਆਂ। ਜਿਵੇਂ ਜੀਅ ਕਰੇ ਮੋੜ ਲਈਏ। ਪਰ ਤੀਵੀਂ ਦਾ ਮਨ ਕੋਈ ਨਹੀਂ ਢਾਲ ਸਕਦਾ। ਪਤਾ ਨਹੀਂ ਇਹ ਕਿਸ ਵੇਲੇ ਕਿਹੜੇ ਪਾਸੇ ਮੁੜ ਜਾਵੇ ... ਖ਼ਬਰੇ ਕਿਸ ਲੋਹੇ ਦਾ ਬਣਿਆ ਹੁੰਦੈ ਤੀਵੀਂ ਦਾ ਮਨ।

ਬਾਰੂ : ਮੈਂ ਖੱਲਾਂ ਬਾਹਰ ਪਾ ਕੇ ਆਇਆ ਸਾਂ। ਭਿੱਜ ਨਾ ਜਾਣ।

ਤਲੋਕਾ : ਬੱਦਲ ਬੜੇ ਤਕੜੇ ਨੇ। ਵਰ੍ਹ ਕੇ ਰਹਿਣਗੇ। ਚਲੋ ਆਪਾਂ ਚਲੀਏ ਤੇ ਦਾਰੂ ਪੀਏ।

(ਤਿੰਨੇ ਇਕ ਦੂਜੇ ਦੇ ਮੋਢਿਆਂ ਤੇ ਹੱਥ ਰਖ ਕੇ ਗਾਉਂਦੇ ਹੋਏ ਜਾਂਦੇ ਹਨ:

*ਨਾਭੇ ਦੀਏ ਬੰਦ ਬੋਤਲੇ*
*ਤੈਨੂੰ ਪੀਣਗੇ ਨਸੀਬਾਂ ਵਾਲੇ*
*ਨੀ ਨਾਭੇ ਦੀਏ ਬੰਦ ਬੋਤਲੇ)*

(ਬਣਸੋ ਆਉਂਦੀ ਹੈ। ਉਸ ਦੇ ਹੱਥ ਵਿਚ ਕਾਂਸੀ ਦਾ ਕਟੋਰਾ ਹੈ।)

ਬਣਸੋ : ਕਾਕੂ! ਪਹਿਲਾਂ ਮੈਂ ਅੱਗ ਲੈਣ ਆਉਂਦੀ ਸੀ, ਪਰ ਅਜ ਮੈਂ ਦੁਧ ਲੈਣ ਆਈ ਹਾਂ।

ਕਾਕੂ : ਠਹਿਰ ਜਾਹ ਰਤਾ। ਸੰਤੀ ਧਾਰ ਕਢਣ ਗਈ ਐ, ਹੁਣੇ ਆ ਜਾਂਦੀ ਐ।

Scanned by CamScanner

ਬਣਸੋ : ਉਸ ਨੇ ਹੁਣ ਨਹੀਂ ਆਉਣਾ। ਮੈਂ ਉਸ ਨੂੰ ਪਿੱਪਲ ਵਾਲੇ ਟੋਭੇ ਕੋਲ ਜਾਂਦੀ ਦੇਖਿਆ ਸੀ। ਉਹ ਤੇਜ਼ ਤੇਜ਼ ਜਾ ਰਹੀ ਸੀ ਤੇ ਬਾਜਰੇ ਦੇ ਖੇਤ ਕੋਲ ਜਾ ਕੇ ਗੁਆਚ ਗਈ।

ਦੀਪਾ : ਬਾਪੂ ਉਹ ਆਖਦੀ ਸੀ ਹੁਣ ਤੀਕ ਬੈਣੋਂ ਮੇਰੇ ਕੰਮ ਕਰਦੀ ਰਹੀ, ਅੱਜ ਮੈਂ ਬੈਣੋਂ ਦੇ ਕੰਮ ਮਕਾਉਣ ਚਲੀ ਆਂ।

ਕਾਕੂ : (ਗਰਜ ਕੇ) ਬੈਣੋਂ ਦੇ ਕੰਮ ?

(ਗੁੱਸੇ ਵਿਚ ਕਾਕੂ ਦੇ ਨਕਸ਼ ਬਦਲ ਜਾਂਦੇ ਹਨ। ਗੰਡਾਸਾ ਚੁਕਦਾ ਹੈ ਪਰ ਵਿਹੜੇ ਵਿਚ ਦੋ ਕਦਮ ਜਾ ਕੇ ਯਕਦਮ ਰੁਕ ਜਾਂਦਾ ਹੈ। ਉਹ ਚੁਫੇਰੇ ਨਜ਼ਰ ਸੁਟਦਾ ਹੈ, ਆਕਾਸ਼ ਵੱਲ ਦੇਖਦਾ ਹੈ, ਤੇ ਫਿਰ ਗੰਡਾਸੇ ਦੀ ਤੇਜ਼ ਧਾਰ ਵੱਲ। ਉਹ ਦਹਾੜਦਾ ਹੈ, ਸੰਤੀਏ! ਗੰਡਾਸਾ ਸੁਟ ਦੇਂਦਾ ਹੈ। ਉਸ ਨੇ ਸੰਤੀ ਦੀ ਬਗਾਵਤ ਨੂੰ ਸਵੀਕਾਰ ਕਰ ਲਿਆ ਹੈ।)

ਕਾਕੂ : (ਸੰਤਾਪ ਵਿਚ) ਉਹ ਗੱਜਣ ਨਾਲ ਚਲੀ ਗਈ। ਸਦਾ ਲਈ। ਬਣਸੋ ਤੂੰ ਵੀ ਚਲੀ ਜਾਹ।

ਬਣਸੋ : ਚਲੀ ਜਾਵਾਂ ? ਕਿਉਂ ?

ਕਾਕੂ : ਹੁਣ ਤੇਰੀ ਲੋੜ ਨਹੀਂ। ਕਿਸੇ ਦੀ ਵੀ ਲੋੜ ਨਹੀਂ। ਜਦ ਸੰਤੀ ਇਸ ਘਰ ਦੀ ਰਾਣੀ ਸੀ ਤਾਂ ਮੈਂ ਉਸ ਨਾਲ ਦਗਾ ਕਰਦਾ ਸਾਂ। ਇਸ ਦਗੇ ਵਿਚ ਆਨੰਦ ਸੀ। ਤੇਰੇ ਨਾਲ ਰਿਸ਼ਤਾ ਵੀ ਉਸੇ ਕਰਕੇ ਸੀ। ਹੁਣ ਇਹ ਵਿਹੜਾ ਸੁੰਨਾ ਹੋ ਗਿਆ ਉਸਦੇ ਬਗੈਰ। ਇਥੇ ਹੋਰ ਕਿਸੇ ਤੀਵੀਂ ਦੀ ਥਾਂ ਨਹੀਂ। ਇਹ ਪਾਪ ਹੋਵੇਗਾ ਮੇਰੇ ਲਈ। ਚਲੀ ਜਾਹ।

ਬਣਸੋ : ਜਾਂਦੀ ਆਂ। ਆਥਣ ਡੂੰਘੀ ਹੋ ਗਈ। ਹਨੇਰਾ ਵਿਛ ਚਲਿਐ। ਜਾ ਕੇ ਤੰਦੂਰ ਤਪਾਵਾਂ।

(ਉਹ ਵਿਹੜੇ ਵਿਚ ਲੰਮੀ ਝਾਤ ਸੁਟਦੀ ਹੈ ਤੇ ਚਲੀ ਜਾਂਦੀ ਹੈ।)

ਕਾਕੂ : ਪੁੱਤ ਦੀਪਿਆ, ਬੂਹਾ ਬੰਦ ਕਰ ਦੇਹ ਤੇ ਕੁੰਡਾ ਜੜ ਦੇਹ।

(ਦੀਪਾ ਉਠ ਕੇ ਕੁੰਡਾ ਜੜਨ ਦੀ ਕੋਸ਼ਿਸ਼ ਕਰਦਾ ਹੈ।)

ਦੀਪਾ : ਬਾਪੂ, ਕੁੰਡਾ ਸਖਤ ਹੈ। ਜੜਿਆ ਨਹੀਂ ਜਾਂਦਾ।

ਕਾਕੂ : ਲਿਆ ਮੈਂ ਲਾਵਾਂ।

(ਕਾਕੂ ਕੁੰਡੇ ਨਾਲ ਘੁਲਦਾ ਹੈ ਤੇ ਹਫਦਾ ਹੋਇਆ ਕੁੰਡਾ ਜੜ ਦੇਂਦਾ ਹੈ।)


ਦੀਪਾ : ਬਾਪੂ, ਅਹਿਰਨ ਉਤੇ ਰਖਿਆ ਲੋਹਾ ਠੰਢਾ ਹੋ ਗਿਆ।

ਕਾਕੂ : ਤੂੰ ਧੌਂਕਣੀ ਚਲਾ, ਮੈਂ ਕੁਟਦਾ ਹਾਂ ਇਸ ਨੂੰ।

(ਦੀਪਾ ਧੌਂਕਣੀ ਚਲਾਉਂਦਾ ਹੈ ? ਕਾਕੂ ਲੋਹਾ ਕੁਟਣ ਲਗਦਾ ਹੈ। ਅੱਗ ਦੀ ਸੁਰਖ ਰੌਸ਼ਨੀ ਵਿਚ ਕਾਕੂ ਦਾ ਚਿਹਰਾ ਚਮਕਦਾ ਹੈ। ਹੌਲੀ ਹੌਲੀ ਹਨੇਰਾ । ਹਨੇਰੇ ਵਿਚ ਹਥੌੜੇ ਦੀਆਂ ਸੱਟਾਂ ਗੂੰਜਦੀਆਂ ਹਨ। ਮਿਊਜ਼ਕ ਉਚਾ ਹੋ ਜਾਂਦਾ ਹੈ।)

Balkaran Singh

Scanned by CamScanner



**ਬਲਵੰਤ ਗਾਰਗੀ** ਬਠਿੰਡਾ ਦੇ ਰੇਤਲੇ ਟਿੱਬਿਆਂ ਵਿਚ ਪਲਿਆ। ਲਾਹੌਰ ਦੇ ਐਫ਼. ਸੀ. ਕਾਲਜ ਤੋਂ ਐਮ.ਏ. ਪਾਸ ਕਰਕੇ ਉਸ ਨੇ ਰੇਡੀਓ ਤੇ ਮੰਚ ਲਈ ਨਾਟਕ ਲਿਖੇ। ਦੇਸ ਦੀ ਵੰਡ ਪਿਛੋਂ ਉਹ ਦਿੱਲੀ ਆ ਕੇ ਰਹਿਣ ਲੱਗਾ। ਉਸ ਦੇ ਨਾਟਕ ਮਾਸਕੋ, ਜਰਮਨੀ, ਪੋਲੈਂਡ, ਅਮਰੀਕਾ ਤੇ ਇੰਗਲੈਂਡ ਵਿਚ ਖੇਡੇ ਗਏ ਹਨ। ਉਸ ਨੇ ਅੰਤਰ ਰਾਸ਼ਟਰੀ ਨਾਟ-ਕਾਨਫ਼ਰੰਸਾਂ ਵਿਚ ਜਾ ਕੇ ਭਾਰਤੀ ਤੇ ਪੰਜਾਬੀ ਨਾਟਕ ਦਾ ਨਾਂ ਉੱਚਾ ਕੀਤਾ।

1962 ਵਿਚ ਉਸ ਨੂੰ 'ਰੰਗ ਮੰਚ' ਪੁਸਤਕ ਲਈ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਉਸ ਨੇ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵਿਚ ਭਾਰਤੀ ਨਾਟਕ ਪੜ੍ਹਾਏ ਤੇ ਉਹਨਾਂ ਦਾ ਨਿਰਦੇਸ਼ਨ ਕੀਤਾ। ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਵਿਚ ਥੀਏਟਰ ਡੀਪਾਰਟਮੈਂਟ ਕਾਇਮ ਕੀਤਾ ਤੇ ਅੱਠ ਸਾਲ ਇਥੇ ਨਾਟਕ ਖੇਡੇ ਤੇ ਨਵੇਂ ਨਾਟ-ਤਜਰਬੇ ਕੀਤੇ।

Scanned by CamScanner